# ਵਤਨੋਂ ਦੂਰ

## ਸਾਲਾਨਾ ਅੰਕ

ਸੰਪਾਦਕ: ਸੁਰਿੰਦਰ ਧੰਜਲ

TELEPHONE: 874-5403
JULY 1975 S.NO. 25
PRICE: 50 cents



ਮੁੱਖ-ਚਿੱਤਰ: ਗ਼ਰੀਬੀ
ਚਿੱਤਰਕਾਰ: ਠਾਕਰ ਸਿੰਘ

CONGRATULATIONS AND BEST WISHES TO

# THE WATNO DUR

on completion of (2) years from

T. RAJ KAPAHI C.L.U.
*Unit Supervisor*
Res.: 433-3441





RAVI MATHUR
*Representative*
Res.: 438-2307

of

# The Monarch Life
## ASSURANCE COMPANY

**1520 - 777 HORNBY STREET, VANCOUVER 1, B.C. BUS. 684-5322**

---

# THE VIDEO SHOP

6669 MAIN STREET, VANCOUVER, B.C. PHONE:324-2030

SPECIAL OFFERS:

(62CA58) 26" COLOUR T.V. CONSOLE FROM SANYO

FEATURES 1) A.F.T. CONTROL; AUTO CONTROL TINT AND COLOUR CONTROL; 3) AUTO BRICON BRIGHTNESS AND CONTRAST CONTROL; SOLID WALNUT CABINET IN MEDITERRANEAN STYLE WITH SPECIAL SUPER FINISH.

SUGGESTED: $849.95 SALE: $519.00

20" QUASAR COLOUR T.V. WITH AM/FM RADIO

2-YEAR FULL WARRANTY ON PARTS AND LABOUR.

MODEL 8546 ONLY: $499.00

SANYO AM/FM RADIO & CASSETTE TAPE WITH AUTO SHUT OFF ONLY: $65.00

AM/FM CONSOLE STEREO WITH 8-TRACK RECORD/ PLAYBACK

FEATURES:DELUXE RECORD CHANGER ONLY $225.00

RECORDS, PRE-RECORDED TAPES, CASSETTES, 8-TRACKS, OPEN REEL-TO-REEL OR GET YOUR TAPES RECORDED TO YOUR OWN TASTE.

WE ALSO CARRY OTHER FINE PRODUCTS FROM: AKAI, DUAL, AIWA, SOUND DESIGN, SANYO.

REPAIR OF ANY KIND OF ELECTRONIC EQUIPMENT IS GUARANTEED FOR 90 DAYS.

COME ALONG . . . . . . . . . . . . . . . . . . . . PAY US A VISIT

Quasar

SANYO

Congratulation & Best wishes

**AND**

HAPPY BIRTHDAY TO YOU
WATNO DUR!

YOURS SINCERELY

ਟਰਾਂਸ-ਕੈਨੇਡਾ ਟੀ.ਵੀ.

**TRANS-CANADA T.V.**

14370—104 AVE., SURREY, B.C.

**PHONE: 588-7525 OR 588-2296**

Hi, There!
We Care For Repair

CONGRATULATIONS AND BEST WISHES TO

# THE WATNO DUR

on completion of (2) years from

# ਦਲਜੀਤ ਸੰਧੂ



FOR

LIFE INSURANCE

EDUCATION PLAN

MORTGAGE PLAN

Retirement registered Saving Plan
and all other kinds of insurance

Contact

# DALJIT SANDHU

# National Life of Canada

Suite 501, 1155—West Pender Street
Vancouver, B.C. Phone: 685-7231

Congratulations & Best Wishes to

THE WATNO DUR

ON COMPLETION OF TWO YEARS

FROM

# DARSHAN BRAR M.A.



ਦਰਸ਼ਨ ਬਰਾੜ ਐੱਮ.ਏ.

of

## MARS REALTY LTD.

5467 VICTORIA DR., VANCOUVER, B.C.

BUS. 327-8315

RES. 433-3334

Congratulation & Best wishes to THE WATNO DUR

ON COMPLETION OF ② YEARS

FROM

# CENTURY TRAVEL SERVICE

204—3310 FRASER STREET
VANCOUVER, B.C., CANADA V5V 4C1



LOWEST FARES TO INDIA, PAKISTAN, FIJI, EUROPE, AND ALL OVER THE WORLD.

WE ALSO HELP IN GETTING PASSPORTS, VISAS AND IMMIGRATION PAPERS, ETC.

OFF: 874-9429
RES: 681-3668

# ਸੈਂਚਰੀ ਟਰੈਵਲ ਸਰਵਿਸ

204-3310 ਫਰੇਜਰ ਸਟਰੀਟ, ਵੈਨਕੋਵਰ, ਬੀ.ਸੀ. , ਕੈਨੇਡਾ

OFF: 874-9429 RES: 681-3668

CONGRATULATIONS & BEST WISHES TO

# The Watno Dur

ON COMPLITION OF ② YEARS

FROM

# S & S PICTURES LTD

325-8343

COMING ATTRACTIONS:

* DEVANAND IN
HIRA PANNA & ISHAQ ISHAQ
* HINDUSTAN KI KASAM
* HATH KI SAFAI
* RAFFOO CHAKKAR * MUGHAL-E-AZAM

SECOND CLASS MAIL REGD. NO. 3233

**FOUNDER:**
TARA SIGH HAYER

**ADVISOR:**
AJMER SINGH RODEY

**PUBLISHER:**
CHARANJEET SIDHOO

**EDITOR:**
SURINDER DHANJAL

**ASSTT. EDITOR:**
BHUPINDER DHALIWAL

**ADVERTISING EDITOR:**
DALJIT TOOR

**ART EDITOR:**
NIRMAL DHALIWAL

**CIRCULATION EDITOR:**
KARAMJIT GHUMAN

**SUBSCRIPTION:**
ANNUAL: $5.00

HALF YEAR: $3.00

ONE COPY: 50 c

SPECIAL REPRESENTATIVES:

Manitoba:
Ramesh Saffri (Winnipeg)

B.C.:
Sukhpal Tallewalla (Burnaby)
Balbir Dhaliwal (Burnaby)
Gurcharan Tallewalia (N.W.M.)
Latt Bhinder (Kamloops)
Harnek Mann (Prince George)
Joginder Aulakh (Prince George)
Surdev Jatana (Prince Rupert)

Quebec:
Rupinder Singh (Montreal)

LITERARY & CULTURAL
MONTHLY OF PANJABI

# THE WATNO DŪR

POST BOX No. 1041
COQUITLAM, B.C., CANADA
V3J 6Z4

ਐਡੀਟੋਰੀਅਲ:

ਇਸ ਅੰਕ ਨਾਲ 'ਵਤਨੋਂ ਦੂਰ' ਆਪਣੀ ਉਮਰ ਦੇ ਤੀਜੇ ਵਰ੍ਹੇ ਵਿੱਚ ਪੈਰ ਰੱਖਦਾ ਹੋਇਆ ਆਪਣੇ ਪਾਠਕਾਂ ਸਾਹਮਣੇ ਨਵੇਂ ਰੂਪ ਵਿੱਚ ਪੇਸ਼ ਹੋ ਰਿਹਾ ਹੈ।

ਨਿਰਸੰਦੇਹ ਕੈਨੇਡਾ ਵਿੱਚ ਪੰਜਾਬੀ-ਪ੍ਰੈਸ ਦੀ ਅਣਹੋਂਦ ਤੇ ਕੈਨੇਡਾ ਦੀ ਵਿਸ਼ੇਸ਼ ਕਿਸਮ ਦੀ ਰਹਿਣੀ-ਬਹਿਣੀ ਕਾਰਨ ਅਸੀਂ ਹਾਲੇ ਤੱਕ ਉਹ ਪੱਧਰ ਨਹੀਂ ਹਾਸਲ ਕਰ ਸਕੇ ਜਿਸਦੀ ਸਾਨੂੰ ਤਮੰਨਾ ਹੈ... ਯਤਨ ਜਾਰੀ ਹੈ।

– ਸੁਰਿੰਦਰ ਧੰਜਲ

ਇਸ ਅੰਕ ਵਿੱਚ:

ਕਹਾਣੀਆਂ: ਮੈਕਸਿਮ ਗੋਰਕੀ, ਵਰਿਆਮ ਸਿੰਘ ਸੰਧੂ
ਸੁਖਵੰਤ ਕੌਰ ਮਾਨ

ਮਿੰਨੀ ਕਹਾਣੀਆਂ: ਅੰਮ੍ਰਿਤਾ ਤ੍ਰਿਪਤੀ, ਹਮਦਰਦਵੀਰ,
ਗਿਆਨ ਗਰੇਵਾਲ, ਰਾਜ ਅਤੇ ਹੋਰ

ਕੈਨੇਡਾ ਦੇ ਕਵੀ: ਗੁਰਚਰਨ ਰਾਮਪੁਰੀ, ਗਿ: ਕੇਸਰ ਸਿੰਘ ਨਾਵਲਿਸਟ,
ਅਜਮੇਰ ਸਿੰਘ ਰੋਡੇ, ਰਵਿੰਦਰ ਰਵੀ,
ਉੱਜਲ ਦੋਸਾਂਝ, ਸੁਰਿੰਦਰ ਧੰਜਲ, ਸਾਧੂ,
ਸੁਰਜੀਤ ਕਲਸੀ, ਗੁਰਮੀਤ ਛੀਨਾ,
ਸੁਰਦੇਵ ਜਟਾਣਾ, ਕਰਮਜੀਤ ਘੁਮਾਣ,
ਊਧਮ ਸਖਰ, ਲਖਬੀਰ ਜਟਾਣਵੀ

ਕੈਨੇਡਾ ਦੇ ਕਹਾਣੀਕਾਰ: ਗੁਰਦੀਪ ਗਰੇਵਾਲ, ਅਮਰਜੀਤ ਚਾਹਲ,
ਦਰਸ਼ਨ ਬੈਂਸ

ਵਾਰਤਕ: ਅੰਮ੍ਰਿਤਾ ਪ੍ਰੀਤਮ ਤੇ ਹਰਿਭਜਨ ਸਿੰਘ
ਪ੍ਰੋ: ਗੁਰਮੁਖ ਸਿੰਘ ਸਹਿਗਲ

ਸੰਜੀਵਨੀ ਬੂਟੀ: ਕ੍ਰਿਸ਼ਨ ਚੰਦਰ

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਮਤਾ.

ਮੈਕਸਿਮ ਗੋਰਕੀ

ਸਾਹਿੱਤ ਦੇ ਖੇਤਰ ਵਿੱਚ ਨਵੇਂ ਆਏ ਬੰਦਿਆਂ ਨੂੰ ਇਕ ਬੜੀ ਸਧਾਰਣ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਵਿਚਾਰ ਏਸ ਤਰ੍ਹਾਂ ਪਤਲੀ ਹਵਾ ਵਿੱਚੋਂ ਨਹੀਂ ਕੱਢੇ ਜਾ ਸਕਦੇ, ਜਿਵੇਂ ਕਿ ਨਾਈਟਰੋਜਨ ਕੱਢੀ ਜਾ ਸਕਦੀ ਹੈ। ਵਿਚਾਰ ਤਾਂ ਭੋਂ ਵਿਚੋਂ ਰਚੇ ਜਾਂਦੇ ਹਨ। ਇਹ ਕਿਰਤ ਦੀ ਭੋਂ ਵਿੱਚੋਂ ਫੁਟਦੇ ਹਨ ਅਤੇ ਵੇਖ ਪਰਖ, ਤੁਲਨਾ ਤੇ ਅਧਿਐਨ ਦੀ ਸਮੱਗਰੀ ਤੋਂ ਬਣਦੇ ਹਨ। ਇਹ ਸੱਚ ਹੁੰਦੇ ਹਨ... ਜੀਵਨ ਦੇ ਸੱਚ!

ਲੂ ਸ਼ੁਨ

ਪਹਿਲਾਂ ਸਾਨੂੰ ਤਕੜੇ ਵਿਸ਼ੇ ਅਤੇ ਚੰਗੀ ਤਕਨੀਕ ਹਾਸਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਲੇਖਕ ਦੇ ਤੌਰ ਤੇ ਆਪਣੇ ਆਪ ਨੂੰ ਸਜਾਉਣ ਦੀ ਕਾਹਲ ਨਹੀਂ ਕਰਨੀ ਚਾਹੀਦੀ। ... ਇਨਕਲਾਬੀ ਲੇਖਕ ਤਕਨੀਕ ਦਾ ਨਾਂ ਸੁਣਦਿਆਂ ਹੀ ਖੜਾ ਹੋ ਜਾਂਦੇ ਹਨ। ਮੇਰੇ ਖ਼ਿਆਲ ਤੋਂ ਭਾਵੇਂ ਸਾਰਾ ਸਾਹਿੱਤ ਪ੍ਰਚਾਰ ਹੈ, ਤਾਂ ਵੀ ਸਾਰਾ ਪ੍ਰਚਾਰ ਸਾਹਿੱਤ ਨਹੀਂ। ਠੀਕ ਉਸੇ ਤਰਾਂ ਜਿਸ ਤਰ੍ਹਾਂ ਸਾਰੇ ਫੁੱਲ ਰੰਗੀਨ ਹੁੰਦੇ ਹਨ (ਮੈਂ ਸਫ਼ੈਦ ਨੂੰ ਵੀ ਰੰਗੀਨ ਮੰਨਦਾ ਹਾਂ); ਪਰ ਸਾਰੀਆਂ ਰੰਗੀਨ ਚੀਜ਼ਾਂ ਫੁੱਲ ਨਹੀਂ ਹੁੰਦੀਆਂ। ਨਾਅਰਿਆਂ, ਇਸ਼ਤਿਹਾਰਾਂ, ਐਲਾਨਨਾਮਿਆਂ, ਤਾਰਾਂ ਅਤੇ ਪਾਠ-ਪੁਸਤਕਾਂ ਤੋਂ ਬਿਨਾਂ ਇਨਕਲਾਬ ਨੂੰ ਸਾਹਿੱਤ ਦੀ ਲੋੜ ਹੁੰਦੀ ਹੈ। ਸਿਰਫ਼ ਇਸੇ ਕਰਕੇ ਕਿ ਇਹ ਸਾਹਿੱਤ ਹੈ।

ਜਾਰਜ ਸੈਂਡ

ਕਲਾ ਕੋਈ ਅਜਿਹੀ ਦਾਤ ਨਹੀਂ ਜਿਸ ਦਾ ਸਮੁਚੇ ਤੇ ਵਿਸ਼ਾਲ ਗਿਆਨ ਬਿਨ੍ਹਾਂ ਕੰਮ ਸਰ ਸਕਦਾ ਹੈ। ਕਲਾਕਾਰ ਕੋਲ ਅਨੁਭਵ ਹੋਣਾ ਲਾਜ਼ਮੀ ਹੈ ਅਤੇ ਉਸ ਨੂੰ ਹਰ ਇੱਕ ਚੀਜ਼ ਦੀ ਘੋਖ ਰੱਖਣੀ ਚਾਹੀਦੀ ਹੈ। ਉਸਨੂੰ ਪਹਿਲਾਂ ਬਹੁਤ ਕੁਝ ਪਛਾਣਨਾ ਚਾਹੀਦਾ ਹੈ, ਬਹੁਤ ਜ਼ਿਆਦਾ ਪਿਆਰ ਕਰਕੇ ਉਸਦਾ ਦੁੱਖ ਭੋਗਣਾ ਚਾਹੀਦਾ ਹੈ ਅਤੇ ਇਸਦੇ ਨਾਲ ਹੀ ਉੱਦਮ ਕਰੋਨੋਂ ਨਹੀਂ ਹਟਣਾ ਚਾਹੀਦਾ। ਕੈਂਚੀ ਵਰਤਣ ਤੋਂ ਪਹਿਲਾਂ ਮਾਲੀ ਨੂੰ ਵਾੜ ਬਨਾਣ ਦਾ ਹੁਨਰ ਆਉਣਾ ਲਾਜ਼ਮੀ ਹੈ। ਕਲਾਕਾਰ ਜਿਹੜਾ ਨਿਰਾ ਕਲਾਕਾਰ ਹੀ ਹੈ, ਨਿਪੁੰਸਕ ਹੈ ਜਾਂ ਇਉਂ ਕਹਿ ਲਵੋ ਕਿ ਬਹੁਤ ਹੀ ਸਧਾਰਨ ਹੈ ਤੇ ਜਾਂ ਉਹ ਬਿਲਕੁਲ ਹੀ ਮੱਤ ਮਾਰ ਦੇਣ ਵਾਲਾ ਹੈ।

ਉਤਪਲ ਦੱਤ

ਜਿਹੜੀ ਚੀਜ਼ ਕਿਸੇ ਨੂੰ ਚੰਗਾ ਲੇਖਕ ਬਣਾਉਂਦੀ ਹੈ, ਉਹ ਕਿਤਾਬਾਂ ਨਹੀਂ ਹਨ। ਉਹ ਮਨੁੱਖ ਦੀ ਜ਼ਿੰਦਗੀ ਦਾ ਗਿਆਨ ਤੇ ਅਨੁਭਵ ਹੈ, ਜਿਹੜਾ ਕਿਸੇ ਨੂੰ ਵਧੀਆ ਲੇਖਕ ਬਣਾਉਂਦਾ ਹੈ। ਸਾਨੂੰ ਲੋਕਾਂ ਦੇ ਜੀਵਨ ਦੀ ਡੂੰਘੀ ਤੇ ਵਿਸ਼ਾਲ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ, ਉਨ੍ਹਾਂ ਵਰਗੀ ਜ਼ਿੰਦਗੀ ਬਿਤਾਉਣੀ ਚਾਹੀਦੀ ਹੈ। ਉਨ੍ਹਾਂ 'ਚ ਰਹਿਕੇ ਹੀ ਲੇਖਕ ਮਨੁੱਖਾਂ ਦੇ ਜੀਵਨ ਦਾ ਅੰਦਰੂਨੀ-ਅਨੁਭਵ ਪ੍ਰਾਪਤ ਕਰਦਾ ਹੈ, ਮਨੁੱਖੀ ਚਰਿੱਤਰ ਦੇ ਵੱਖ-ਵੱਖ ਰੂਪਾਂ ਤੇ ਮਾਨਸਕ-ਗੁੰਝਲਾਂ ਦਾ ਸੱਚਾ ਗਿਆਨ ਪ੍ਰਾਪਤ ਕਰਦਾ ਹੈ। ਇਸ ਗਿਆਨ ਤੇ ਅਨੁਭਵ ਤੋਂ ਬਿਨਾਂ ਅੱਜ ਤੱਕ ਕੋਈ ਵੀ ਲੇਖਕ ਵੱਡਾ ਨਹੀਂ ਬਣਿਆ ਤੇ ਨਾ ਹੀ ਅੱਗੇ ਨੂੰ ਬਣ ਸਕਦਾ ਹੈ।

# ਟੈਸ਼ ਪ੍ਰੇਹੀ ਦੀ ਮਾਂ

ਮੈਕਸਿਮ ਗੋਰਕੀ

ਅਨੁਵਾਦਕ: ਸੁਖਬੀਰ



ਮੈਕਸਿਮ ਗੋਰਕੀ

ਮਾਂਵਾਂ ਬਾਰੇ ਕਹਾਣੀਆਂ ਕਦੇ ਮੁਕਦੀਆਂ ਨਹੀਂ।

ਕਈ ਹਫ਼ਤਿਆਂ ਤੋਂ ਦੁਸ਼ਮਨ ਦੇ ਫ਼ੌਲਾਦੀ ਦਸਤਿਆਂ ਨੇ ਸ਼ਹਿਰ ਨੂੰ ਬੁਰੀ ਤਰ੍ਹਾਂ ਘੇਰਾ ਪਾਇਆ ਹੋਇਆ ਸੀ। ਰਾਤ ਵੇਲੇ ਅੱਗ ਬਾਲੀ ਜਾਂਦੀ ਸੀ ਤੇ ਉਸ ਦੀਆਂ ਲਾਟਾਂ ਸੰਘਣੇ ਹਨੇਰੇ ਨੂੰ ਚੀਰ ਕੇ ਸ਼ਹਿਰ ਦੀਆਂ ਕੰਧਾਂ ਵਲ ਹਜ਼ਾਰਾਂ ਖ਼ੂਨੀ ਅੱਖਾਂ ਵਾਂਗ ਝਾਕਦੀਆਂ ਸਨ। ਉਨ੍ਹਾਂ ਲਾਟਾਂ ਨੂੰ ਵੇਖ ਕੇ ਘਿਰਣਾ ਹੁੰਦੀ ਸੀ ਤੇ ਉਨ੍ਹਾਂ ਦੀ ਡਰਾਉਣੀ ਚਮਕ ਸਦਕਾ ਉਸ ਘਿਰੇ ਹੋਏ ਸ਼ਹਿਰ ਵਿਚ ਉਦਾਸੀ ਪਸਰੀ ਹੋਈ ਸੀ।

ਸ਼ਹਿਰੀਆਂ ਨੇ ਕੰਧਾਂ ਉਤੋਂ ਦੀ ਵੇਖਿਆ ਕਿ ਦੁਸ਼ਮਣਾਂ ਦੀ ਫ਼ੌਜ ਦਾ ਫੰਦਾ ਹੋਰ ਵਧੇਰੇ ਕਸਦਾ ਜਾ ਰਿਹਾ ਹੈ। ਚੁਫੇਰੇ ਚੱਕਰ ਲਾਉਣ ਵਾਲੇ ਅੱਗ ਦੇ ਗੂੜ੍ਹੇ ਪਰਛਾਵੇਂ ਵੀ ਉਨ੍ਹਾਂ ਨੇ ਤੱਕੇ। ਉਨ੍ਹਾਂ ਨੇ ਸੁਣਿਆ ਹੱਟੇ ਕੱਟੇ ਘੋੜਿਆਂ ਦਾ ਹਿਣਹਿਣਾਉਣਾ, ਹਥਿਆਰਾਂ ਦਾ ਖਟਖਟਾਉਣਾ ਤੇ ਜਿੱਤ ਨੂੰ ਯਕੀਨੀ ਮੰਨਣ ਵਾਲੇ ਫ਼ੌਜੀਆਂ ਦਾ ਹੱਸਣਾ ਤੇ ਹਸਾਉਣਾ। ਦੁਸ਼ਮਣ ਦੇ ਗੀਤਾਂ ਅਤੇ ਹਾਸਿਆਂ ਨਾਲੋਂ ਹੋਰ ਕੰਨਖਾਵਾਂ ਕੀ ਹੋ ਸਕਦਾ ਹੈ?

ਦੁਸ਼ਮਣਾਂ ਨੇ ਸ਼ਹਿਰ ਨੂੰ ਪਾਣੀ ਦੇਣ ਵਾਲੇ ਸਾਰਿਆਂ ਝਰਨਿਆਂ ਅਤੇ ਸੋਮਿਆਂ ਵਿਚ ਲਾਸ਼ਾਂ ਸੁਟ ਦਿਤੀਆਂ ਸਨ, ਕੰਧਾਂ ਦੇ ਲਾਗਲੇ ਅੰਗੂਰ-ਬਾਗ਼ਾਂ ਨੂੰ ਫੂਕ ਸੁਟਿਆ ਸੀ, ਖੇਤਾਂ ਨੂੰ ਮਿੱਧ ਸੁੱਟਿਆ ਸੀ ਤੇ ਫਲਾਂ ਵਾਲੇ ਬਾਗ਼ਾਂ ਨੂੰ ਤਬਾਹ ਕਰ ਦਿਤਾ ਸੀ। ਸ਼ਹਿਰ ਹੁਣ ਚੁਫੇਰਿਓਂ ਖਲ੍ਹਾ ਪਿਆ ਸੀ ਤੇ ਲਗ ਭਗ ਰੋਜ਼ ਦੁਸ਼ਮਣਾਂ ਦੀ ਫ਼ੌਜ ਦੀਆਂ ਤੋਪਾਂ ਅਤੇ ਬੰਦੂਕਾਂ ਉਸ ਉਤੇ ਗੋਲੇ ਅਤੇ ਗੋਲੀਆਂ ਦੀ ਵਰਖਾ ਕਰ ਰਹੀਆਂ ਸਨ।

ਲੜਾਈ ਤੋਂ ਅੱਕੇ ਹੋਏ ਅਤੇ ਅੱਧ-ਭੁਖੇ ਫ਼ੌਜੀਆਂ ਦੀਆਂ ਨਾਰਾਜ਼ ਟੁਕੜੀਆਂ ਸ਼ਹਿਰ ਦੀਆਂ ਸੌੜੀਆਂ ਸੜਕਾਂ 'ਤੇ ਕਦਮ ਵਧਾ ਰਹੀਆਂ ਸਨ। ਘਰਾਂ ਦੀਆਂ ਬਾਰੀਆਂ ਵਿਚੋਂ ਜ਼ਖ਼ਮੀਆਂ ਦੀਆਂ ਕਰਾਹਾਂ, ਬੇਹੋਸ਼ੀ ਦੀ ਹਾਲਤ ਵਿਚ ਚੀਕਾਂ, ਤੀਵੀਂਆਂ ਦੀਆਂ ਅਰਦਾਸਾਂ ਅਤੇ ਬੱਚਿਆਂ ਦੇ ਰੋਣ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਸਨ। ਲੋਕ ਇਕ ਦੂਜੇ ਦੇ ਕੰਨਾਂ ਵਿਚ ਗਲਾਂ ਕਰਦੇ, ਬੋਲਦੇ ਬੋਲਦੇ ਚਾਣਚਕ ਰੁਕ ਜਾਂਦੇ ਤੇ ਸਦਾ ਬੜੇ ਹੀ ਸੁਚੇਤ ਰਹਿੰਦੇ ਕਿਉਂਕਿ ਦੁਸ਼ਮਣ ਦੀ ਫ਼ੌਜ ਹਮਲਾ ਕਰ ਰਹੀ ਸੀ।

ਸਭ ਤੋਂ ਭਿਆਨਕ ਸਨ ਰਾਤਾਂ। ਰਾਤ ਦੀ ਚੁੱਪ ਵਿਚ ਕਰਾਹਾਂ ਅਤੇ ਚੀਕਾਂ ਵਧੇਰੇ ਸਾਫ਼ ਸੁਣਾਈ ਦਿੰਦੀਆਂ। ਦੂਰ ਖੜੋਤੇ ਪਹਾੜਾਂ ਦੇ ਲਾਂਘਿਆਂ ਵਿਚੋਂ ਕਾਲੇ ਪਰਛਾਵੇਂ ਦੁਸ਼ਮਣਾਂ ਦੇ ਫ਼ੌਜੀ ਤੰਬੂਆਂ ਨੂੰ ਲੁਕਾਉਂਦੇ ਹੋਏ ਸ਼ਹਿਰ ਦੀਆਂ ਅਧਢੱਠੀਆਂ ਕੰਧਾਂ ਵਲ ਵਧਦੇ ਆ ਰਹੇ ਸਨ, ਤੇ ਪਹਾੜਾਂ ਦੇ ਕਾਲੇ ਸਿਖਰਾਂ ਉਤੇ ਚੰਨ ਚੜ੍ਹ ਰਿਹਾ ਸੀ ਜੋ ਤਲਵਾਰ ਦੇ ਵਾਰਾਂ ਨਾਲ ਫਟੜ ਹੋਈ ਢਾਲ ਵਾਂਗ ਜਾਪ ਰਿਹਾ ਸੀ।

ਤੇ ਸ਼ਹਿਰ ਦੇ ਲੋਕ ਮਦਦ ਵਲੋਂ ਨਿਰਾਸ ਹੋ ਗਏ ਸਨ, ਮਿਹਨਤ ਅਤੇ ਭੁਖ ਨਾਲ ਨਿਢਾਲ ਹੋ ਗਏ ਸਨ। ਦਿਨੋਂ ਦਿਨ ਛੁਟਕਾਰੇ ਦੀ ਆਸ ਘਟਦੀ ਜਾ ਰਹੀ ਸੀ ਤੇ ਉਹ ਘਬਰਾਹਟ ਵਿਚ ਚੰਨ ਨੂੰ, ਤਿੱਖੇ ਦੰਦਾਂ ਵਰਗੇ ਪਹਾੜਾਂ ਦੇ ਸਿਖਰਾਂ ਨੂੰ, ਲਾਂਘਿਆਂ ਦੇ ਕਾਲੇ ਮੂੰਹਾਂ ਨੂੰ ਅਤੇ ਰੌਲੇ ਨਾਲ ਭਰੇ ਦੁਸ਼ਮਣਾਂ ਦੇ ਤੰਬੂਆਂ ਨੂੰ ਵੇਖ ਰਹੇ ਸਨ। ਹਰ ਸ਼ੈ ਵਿਚੋਂ ਉਨ੍ਹਾਂ ਨੂੰ ਮੌਤ ਦੀ ਬਿੜਕ ਆ ਰਹੀ ਸੀ ਤੇ ਉਨ੍ਹਾਂ ਨੂੰ ਧਰਵਾਸ ਦੇਣ ਲਈ ਅਸਮਾਨ ਵਿਚ ਇਕ ਤਾਰਾ ਵੀ ਨਹੀਂ ਸੀ।

ਲੋਕ ਆਪਣੇ ਘਰਾਂ ਵਿਚ ਬੱਤੀਆਂ ਜਗਾਉਣੋਂ ਡਰਦੇ ਸਨ। ਸ਼ਹਿਰ ਦੀਆਂ ਸੜਕਾਂ ਨੂੰ ਸੰਘਣੇ ਹਨੇਰੇ ਨੇ ਢੱਕਿਆ ਹੋਇਆ ਸੀ ਤੇ ਨਦੀ ਦੀ ਡੂੰਘਾਣ ਵਿਚ ਏਧਰ ਓਧਰ ਜਾਣ ਵਾਲੀ ਮੱਛੀ ਵਾਂਗ ਇਕ ਤੀਵੀਂ, ਜੋ ਸਿਰ ਤੋਂ ਪੈਰਾਂ ਤੀਕ ਕਾਲੇ ਲਿਬਾਸ ਵਿਚ ਢੱਕੀ ਹੋਈ ਸੀ, ਚੁਪ ਚੁਪੀਤੀ ਤੁਰ ਰਹੀ ਸੀ।

ਜਦ ਲੋਕਾਂ ਨੇ ਉਸ ਨੂੰ ਵੇਖਿਆ ਤਾਂ ਆਪਸ ਵਿਚ ਮੱਧਮ ਆਵਾਜ਼ ਵਿਚ ਗੱਲਾਂ ਕਰਨ ਲਗੇ।

"ਕੀ ਇਹ ਓਹੀ ਏ?"

"ਹਾਂ, ਉਹੀ ਏ।"

ਏਨੀਂ ਗੱਲ ਪਿਛੋਂ ਕੁਝ ਲੋਕ ਫਾਟਕ ਦੇ ਆਲਿਆਂ ਵਿਚ ਲੁਕ ਗਏ ਤੇ ਕੁਝ ਲੋਕ ਚੁਪ ਚੁਪੀਤੇ ਉਸ ਤੀਵੀਂ ਦੇ ਕੋਲ ਦੀ ਲੰਘ ਗਏ। ਗਸ਼ਤੀ ਸਿਪਾਹੀਆਂ ਦੇ ਆਗੂਆਂ ਨੇ ਉਸ ਤੀਵੀਂ ਨੂੰ ਸਖ਼ਤੀ ਨਾਲ ਡਾਂਟਿਆ:

"ਫੇਰ ਤੂੰ ਬਾਹਰ ਆਈ ਏਂ, ਮੋਨਾ ਮਰਿਆਨਾ? ਸੁਚੇਤ ਰਹੀਂ, ਕਿਤੇ ਕੋਈ ਤੈਨੂੰ ਮਾਰ ਨਾ ਸੁੱਟੇ। ਫੇਰ ਤੈਨੂੰ ਕਿਸੇ ਨੇ ਲੱਭਣ ਦੀ ਖੇਚਲ ਨਹੀਂ ਕਰਨੀ।"

ਉਹ ਸੰਭਲ ਕੇ ਖੜੋ ਗਈ, ਪਰ ਗਸ਼ਤੀ ਸਿਪਾਹੀ ਉਥੋਂ ਚਲੇ ਗਏ। ਉਨ੍ਹਾਂ ਵਿਚ ਉਸ 'ਤੇ ਹੱਥ ਚੁੱਕਣ ਦੀ ਜਾਂ ਤੇ ਹਿੰਮਤ ਨਹੀਂ ਸੀ, ਜਾਂ ਫੇਰ ਉਹ ਉਸ ਨੂੰ ਏਨੀਂ ਘਿਰਣਾ ਕਰਦੇ ਸਨ ਕਿ ਉਸ ਵਲ ਵੇਖਣਾ ਨਹੀਂ ਸਨ ਚਾਹੁੰਦੇ। ਹਥਿਆਰਬੰਦ ਫ਼ੌਜੀਆਂ ਨੇ ਉਸ ਨੂੰ ਜਿਵੇਂ ਲਾਸ਼ ਸਮਝ ਕੇ ਉਸ ਵਲੋਂ ਮੂੰਹ ਮੋੜ ਲਏ ਤੇ ਉਹ ਉਥੇ ਹਨੇਰੇ ਵਿਚ 'ਕੱਲੀ ਰਹਿ ਗਈ ਤੇ ਇਕ ਸੜਕ ਤੋਂ ਦੂਜੀ ਸੜਕ 'ਤੇ ਪਹਿਲਾਂ ਵਾਂਗ 'ਕੱਲੀ ਕਾਰੀ ਘੁੰਮਣ ਲਗੀ। ਉਹ ਚੁਪ ਚੁਪੀਤੀ ਕਾਲੀਸ਼ਾਹ ਤੀਵੀਂ ਇੰਜ ਜਾਪ ਰਹੀ ਸੀ ਜਿਵੇਂ ਸ਼ਹਿਰ ਦੀ ਬਦਕਿਸਮਤੀ ਸਾਕਾਰ ਹੋ ਗਈ ਹੋਵੇ; ਤੇ ਚੁਫੇਰਿਓਂ ਚੀਕ ਚਿਹਾੜਾ ਜਿਵੇਂ ਉਸ ਦਾ ਪਿੱਛਾ ਕਰਦਾ ਰਿਹਾ। ਉਹ ਸੁਣਦੀ ਰਹੀ: ਕਰਾਹਾਂ, ਚੀਕਾਂ, ਅਰਦਾਸਾਂ, ਤੇ ਜਿੱਤ ਦੀਆਂ

ਸਾਰੀਆਂ ਆਸਾਂ ਗਵਾ ਚੁਕੇ ਫ਼ੌਜੀਆਂ ਦੀਆਂ ਗ਼ੁੱਸੇ ਭਰੀਆਂ ਮੱਧਮ ਗੱਲਾਂ।

ਇਕ ਸ਼ਹਿਰਨ ਅਤੇ ਇਕ ਮਾਂ ਹੋਣ ਕਰ ਕੇ ਉਹ ਆਪਣੇ ਪੁੱਤਰ ਅਤੇ ਮੁਲਕ ਬਾਰੇ ਸੋਚ ਰਹੀ ਸੀ, ਕਿਉਂਕਿ ਸ਼ਹਿਰ ਨੂੰ ਤਬਾਹ ਕਰਨ ਵਾਲੇ ਫ਼ੌਜੀਆਂ ਦਾ ਆਗੂ ਸੀ ਉਸ ਦਾ ਪੁੱਤਰ— ਹਸਮੁਖ ਤੇ ਸੁਹਣਾ ਪੁੱਤਰ, ਜਿਸ ਦੀ ਛਾਤੀ ਵਿਚ ਦਿਲ ਨਹੀਂ ਸੀ। ਫੇਰ ਵੀ ਕੁਝ ਦਿਨ ਪਹਿਲਾਂ ਤੀਕ ਉਹ ਪੁੱਤਰ ਨੂੰ ਬੜੇ ਮਾਣ ਨਾਲ ਵੇਖਦੀ ਸੀ, ਉਸ ਨੂੰ ਆਪਣੀ ਵਲੋਂ ਮੁਲਕ ਲਈ ਵੱਡ-ਮੁੱਲੀ ਭੇਂਟ ਸਮਝਦੀ ਸੀ ਤੇ ਮੰਨਦੀ ਸੀ ਕਿ ਆਪਣੇ ਪੁੱਤਰ ਦੇ ਰੂਪ ਵਿਚ ਉਸ ਨੇ ਉਸ ਸ਼ਹਿਰ ਦੇ ਲੋਕਾਂ ਦੀ ਸਹਾਇਤਾ ਲਈ ਇਕ ਲਾਭਕਾਰੀ ਸ਼ਕਤੀ ਪੈਦਾ ਕੀਤੀ ਹੈ, ਜਿਸ ਸ਼ਹਿਰ ਵਿਚ ਉਹ ਜੰਮੀ ਤੇ ਉਸ ਨੇ ਆਪਣੇ ਪੁੱਤਰ ਨੂੰ ਜਨਮ ਦਿਤਾ ਤੇ ਉਸ ਨੂੰ ਪਾਲ ਪੋਸ ਕੇ ਵੱਡਾ ਕੀਤਾ। ਉਸ ਦਾ ਦਿਲ ਸੈਂਆਂ ਅਦਿਸ ਧਾਗਿਆਂ ਨਾਲ ਉਨ੍ਹਾਂ ਪੁਰਾਣੇ ਪੱਥਰਾਂ ਨਾਲ ਬੱਝਾ ਹੋਇਆ ਸੀ ਜਿਨ੍ਹਾਂ ਨਾਲ ਉਸ ਦੇ ਪੁਰਖਿਆਂ ਨੇ ਉਸ ਸ਼ਹਿਰ ਵਿਚ ਘਰ ਬਣਾਏ ਸਨ ਤੇ ਸ਼ਹਿਰ ਦੀ ਰੱਖਿਆ ਕਰਨ ਵਾਲੀ ਕੰਧ ਵੀ। ਉਹ ਉਸ ਧਰਤੀ ਨਾਲ ਜੁੜੀ ਹੋਈ ਸੀ ਜਿਸ ਵਿਚ ਉਸ ਦੇ ਰਿਸ਼ਤੇਦਾਰਾਂ ਦੀਆਂ ਹੱਡੀਆਂ ਦੱਬੀਆਂ ਪਈਆਂ ਸਨ ਤੇ ਉਨ੍ਹਾਂ ਦਾ ਸੰਬੰਧ ਸੀ ਲੋਕ ਕਥਾਵਾਂ, ਲੋਕ ਗੀਤਾਂ ਅਤੇ ਲੋਕਾਂ ਦੀਆਂ ਆਸਾਂ ਨਾਲ। ਪਰ ਹੁਣ ਉਸ ਦੇ ਦਿਲ ਨੇ ਆਪਣੇ ਪਿਆਰੇ ਪੁੱਤਰ ਨੂੰ ਗੁਆ ਦਿਤਾ ਸੀ ਤੇ ਇਸ ਲਈ ਉਹ ਰੋ ਰਿਹਾ ਸੀ। ਇਕ ਤੱਕੜੀ ਵਾਂਗ ਉਹ ਆਪਣੇ ਦਿਲ ਵਿਚ ਪੁੱਤਰ ਦੇ ਪਿਆਰ ਤੇ ਆਪਣੇ ਸ਼ਹਿਰ ਦੇ ਪਿਆਰ ਨੂੰ ਤੋਲ ਰਹੀ ਸੀ ਤੇ ਉਸ ਨੂੰ ਪਤਾ ਨਹੀਂ ਸੀ ਲਗ ਰਿਹਾ ਕਿ ਦੋਵ੍ਹਾਂ 'ਚੋਂ ਕਿਹੜਾ ਪਾਸਾ ਭਾਰਾ ਹੈ।

ਤੇ ਇੰਜ ਉਹ ਰਾਤਾਂ ਵਿਚ ਸੜਕਾਂ 'ਤੇ ਘੁੰਮਦੀ ਰਹਿੰਦੀ ਤੇ ਬਹੁਤ ਸਾਰੇ ਲੋਕ ਜੋ ਉਸ ਨੂੰ ਸਿਆਣ ਨਾ ਸਕਦੇ, ਉਸ ਦੀ ਕਾਲੀ ਨੁਹਾਰ ਨੂੰ ਮੌਤ ਦਾ ਰੂਪ ਸਮਝ ਕੇ, ਜੋ ਉਨ੍ਹਾਂ ਦੇ ਏਨੀਂ ਨੇੜੇ ਸੀ, ਪਿਛਾਂਹ ਹਟ ਜਾਂਦੇ ਤੇ ਜਦ ਉਹ ਉਸ ਨੂੰ ਸਿਆਣ ਲੈਂਦੇ ਤੇ ਚੁਪ ਚੁਪੀਤੇ ਉਸ ਦੇਸ਼-ਧ੍ਰੋਹੀ ਦੀ ਮਾਂ ਕੋਲੋਂ ਦੂਰ ਚਲੇ ਜਾਂਦੇ।

ਪਰ ਇਕ ਦਿਨ ਸ਼ਹਿਰ ਦੀ ਰੱਖਿਆ ਲਈ ਬਣਾਈਆਂ ਕੰਧਾਂ ਦੀ ਦੂਰ ਦੀ ਨੁੱਕਰੇ ਉਸ ਨੂੰ ਇਕ ਹੋਰ ਤੀਵੀਂ ਵਖਾਲੀ ਦਿਤੀ ਜੋ ਇਕ ਲੋਥ ਕੋਲ ਗੋਡਿਆਂ ਭਾਰ ਏਨੀਂ ਚੁੱਪ ਚੁਪੀਤੀ ਬੈਠੀ ਹੋਈ ਸੀ ਕਿ ਧਰਤੀ ਦਾ ਹੀ ਇਕ ਅੰਗ ਜਾਪ ਰਹੀ ਸੀ। ਆਪਣੇ ਦੁਖੀ ਮੂੰਹ ਨੂੰ ਤਾਰਿਆਂ ਵਲ ਚੁੱਕੀ ਉਹ ਅਰਦਾਸ ਕਰ ਰਹੀ ਸੀ। ਉਪਰਲੀ ਕੰਧ 'ਤੇ ਸੰਤਰੀ ਮੱਧਮ ਆਵਾਜ਼ ਵਿਚ ਬੋਲ ਰਹੇ ਸਨ ਤੇ ਪੱਥਰ 'ਤੇ ਰਗੜ ਖਾਣ ਨਾਲ ਉਨ੍ਹਾਂ ਦੇ ਹਥਿਆਰਾਂ ਦੀ ਆਵਾਜ਼ ਆ ਰਹੀ ਸੀ।

ਦੇਸ਼-ਧ੍ਰੋਹੀ ਦੀ ਮਾਂ ਨੇ ਪੁਛਿਆ:

"ਤੇਰਾ ਪਤੀ ਏ?"

"ਨਹੀਂ।"

"ਤਾਂ ਤੇਰਾ ਭਰਾ ਏ?"

"ਮੇਰਾ ਪੁੱਤਰ ਏ। ਮੇਰਾ ਪਤੀ ਤੇਰਾਂ ਦਿਨ ਪਹਿਲਾਂ ਮਾਰਿਆ ਗਿਆ ਸੀ ਤੇ ਅਜ ਇਹ ਮੇਰਾ ਪੁੱਤਰ!"

ਉਠ ਕੇ ਖੜੋਂਦਿਆਂ ਉਸ ਮਰੇ ਹੋਏ ਪੁੱਤਰ ਦੀ ਮਾਂ ਨੇ ਨਰਮੀ ਨਾਲ ਕਿਹਾ:

"ਮੈਡੋਨਾ ਸਭ ਕੁਝ ਵੇਖਦੀ ਏ ਤੇ ਸਭ ਕੁਝ ਜਾਣਦੀ ਏ। ਮੈਂ ਉਸ ਦਾ ਅਹਿਸਾਨ ਮੰਨਦੀ ਹਾਂ।"

"ਉਹ ਕਿਉਂ?" ਪਹਿਲੀ ਤੀਵੀਂ ਨੇ ਪੁਛਿਆ ਤੇ ਦੂਜੀ ਨੇ ਜਵਾਬ ਦਿਤਾ:

"ਹੁਣ ਜਦ ਕਿ ਮੇਰਾ ਪੁੱਤਰ ਮੁਲਕ ਲਈ ਲੜਦਾ ਹੋਇਆ ਸ਼ਹੀਦ ਹੋਇਆ ਹੈ ਤਾਂ ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਂ ਇਸ ਲਈ ਡਰਦੀ ਸਾਂ ਕਿਉਂਕਿ ਇਸ ਦਾ ਦਿਲ ਬੜਾ ਚੰਚਲ ਸੀ, ਇਹ ਮੌਜ ਮੇਲੇ ਵਾਲੀ ਜ਼ਿੰਦਗੀ ਦਾ ਸ਼ੁਕੀਨ ਸੀ ਤੇ ਮੈਨੂੰ ਡਰ ਸੀ ਕਿ ਇਹ ਕਿਤੇ ਮਰਿਆਨਾ ਦੇ ਪੁੱਤਰ ਵਾਂਗ, ਰੱਬ ਅਤੇ ਮਨੁੱਖ ਦੇ ਉਸ ਵੈਰੀ ਵਾਂਗ, ਸਾਡੇ ਵੈਰੀਆਂ ਦੇ ਆਗੂ ਵਾਂਗ, ਆਪਣੇ ਸ਼ਹਿਰ ਨਾਲ ਵਿਸਾਹਘਾਤ ਨਾ ਕਰ ਦੇਵੇ। ਧ੍ਰਿਕਾਰ ਏ ਉਸ ਦੇਸ਼-ਧ੍ਰੋਹੀ ਤੇ ਅਤੇ ਉਸ ਨੂੰ ਜਨਮ ਦੇਣ ਵਾਲੀ ਕੁੱਖ 'ਤੇ!"

ਮਰਿਆਨਾ ਨੇ ਆਪਣਾ ਚਿਹਰਾ ਢਕ ਲਿਆ ਤੇ ਉਥੋਂ ਚਲੀ ਗਈ। ਅਗਲੇ ਦਿਨ ਸਵੇਰੇ ਉਹ ਸ਼ਹਿਰ ਦੇ ਰਾਖਿਆਂ ਕੋਲ ਪੱਜੀ ਤੇ ਕਹਿਣ ਲਗੀ:

"ਮੇਰਾ ਪੁੱਤਰ ਤੁਹਾਡਾ ਵੈਰੀ ਬਣ ਗਿਆ ਏ। ਹੁਣ ਜਾਂ ਤਾਂ ਮੈਨੂੰ ਮਾਰ ਸੁਟੋ, ਜਾਂ ਸ਼ਹਿਰ ਦਾ ਫਾਟਕ ਖੋਲ੍ਹ ਦਿਉ ਤਾਂ ਜੋ ਮੈਂ ਉਸ ਕੋਲ ਜਾ ਸਕਾਂ......"

ਉਨ੍ਹਾਂ ਨੇ ਜਵਾਬ ਦਿਤਾ:

"ਤੂੰ ਮਨੁੱਖ ਏਂ ਤੇਰੇ ਲਈ ਆਪਣਾ ਮੁਲਕ ਸਭ ਤੋਂ ਉਪਰ ਹੋਣਾ ਚਾਹੀਦਾ ਹੈ। ਤੇਰਾ ਪੁੱਤਰ ਤੇਰੇ ਲਈ ਵੀ ਓਡਾ ਹੀ ਦੁਸ਼ਮਣ ਹੈ ਜਿੱਡਾ ਸਾਡੇ 'ਚੋਂ ਹਰ ਇਕ ਲਈ।"

"ਮੈਂ ਉਸ ਦੀ ਮਾਂ ਹਾਂ। ਮੈਂ ਉਸ ਨੂੰ ਪਿਆਰ ਕਰਦੀ ਹਾਂ ਤੇ ਮੰਨਦੀ ਹਾਂ ਕਿ ਉਹ ਮੇਰੇ ਹੀ ਕਾਰਣ ਅਜਿਹਾ ਬਣਿਆ ਹੈ।"

ਤਦ ਸ਼ਹਿਰ ਦੇ ਰਾਖਿਆਂ ਨੇ ਇਕ ਦੂਜੇ ਨਾਲ ਸਲਾਹ ਕੀਤੀ ਤੇ ਕਿਹਾ:

"ਪੁੱਤਰ ਦੇ ਪਾਪਾਂ ਲਈ ਤੈਨੂੰ ਮਾਰ ਸੁੱਟਣਾ ਠੀਕ ਨਹੀਂ ਹੋਵੇਗਾ। ਅਸੀਂ ਜਾਣਦੇ ਹਾਂ ਕਿ ਤੂੰ ਉਸ ਨੂੰ ਅਜਿਹਾ ਭਿਆਨਕ ਪਾਪ ਕਰਨ ਦੀ ਸਲਾਹ ਕਦੇ ਨਹੀਂ ਸੀ ਦੇ ਸਕਦੀ ਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਤੂੰ ਕਿੰਨੀ ਦੁਖੀ ਏਂ। ਪਰ ਸ਼ਹਿਰ ਦੇ ਦੁਸ਼ਮਣ ਦੇ ਤੌਰ 'ਤੇ ਵੀ ਤੇਰੀ ਸਾਨੂੰ ਲੋੜ ਨਹੀਂ ਹੈ, ਤੇਰਾ ਪੁੱਤਰ ਤੇਰੀ ਕੋਈ ਪਰਵਾਹ ਨਹੀਂ ਕਰਦਾ, ਉਹ ਤੈਨੂੰ ਭੁਲ ਗਿਆ ਏ ਤੇ ਇਹੋ ਤੇਰੇ ਲਈ ਕਾਫ਼ੀ ਸਜ਼ਾ ਹੈ। ਅਸੀਂ ਜਾਣਦੇ ਹਾਂ ਕਿ ਇਹ ਸਜ਼ਾ ਮੌਤ ਨਾਲੋਂ ਵੀ ਵਧੇਰੇ ਭਿਆਨਕ ਹੈ!"

"ਹਾਂ," ਉਸ ਨੇ ਕਿਹਾ। "ਸੱਚੀਂ ਮੁੱਚੀਂ ਇਹ ਵਧੇਰੇ ਭਿਆਨਕ ਏ।"

ਉਨ੍ਹਾਂ ਨੇ ਫਾਟਕ ਖੋਲ੍ਹ ਦਿਤਾ ਤੇ ਉਸ ਨੇ ਸ਼ਹਿਰ ਛਡ ਦਿਤਾ। ਕੰਧਾਂ ਉਤੋਂ ਸ਼ਹਿਰ ਦੇ ਰਾਖਿਆਂ ਨੇ ਉਸ ਨੂੰ ਆਪਣੀ ਮਾਤਭੂਮੀ ਤੋਂ, ਜੋ ਕਿ ਉਸੇ ਦੇ ਪੁੱਤਰ ਸਦਕਾ ਲਹੂ ਵਿਚ ਲਿਬੜ ਗਈ ਸੀ, ਵਿਛੜਦਿਆਂ ਤੱਕਿਆ। ਉਹ ਸਹਿਜੇ ਸਹਿਜੇ ਤੁਰ ਰਹੀ ਸੀ ਕਿਉਂਕਿ ਉਸ ਦੇ ਕਦਮ ਇਸ ਧਰਤੀ ਨੂੰ ਛਡਣ ਵਿਚ ਝਿਜਕ ਰਹੇ ਸਨ। ਸ਼ਹਿਰ ਦੇ ਰਾਖਿਆਂ ਦੀਆਂ ਲੋਥਾਂ ਨੂੰ ਉਸ ਨੇ ਸਿਰ ਨਿਵਾਇਆ ਤੇ ਟੁੱਟੇ ਹੋਏ ਹਥਿਆਰਾਂ ਨੂੰ ਘਿਰਣਾਂ ਨਾਲ ਠੁਕਰਾ ਦਿਤਾ ਕਿਉਂਕਿ ਜ਼ਿੰਦਗੀ ਦੀ ਰੱਖਿਆ ਕਰਨ ਵਾਲੇ ਹਥਿਆਰਾਂ ਨੂੰ ਛਡ ਕੇ ਬਾਕੀ ਸਾਰੇ ਹਥਿਆਰ ਮਾਵਾਂ ਲਈ ਘਿਰਣਾ ਭਰੇ ਹਨ।

ਉਹ ਇੰਜ ਤੁਰ ਰਹੀ ਸੀ ਜਿਵੇਂ ਆਪਣੇ ਪੱਲੇ ਵਿਚ ਲੁਕੋ ਕੇ ਅੰਮ੍ਰਿਤ ਦੀ ਸ਼ੀਸ਼ੀ ਲੈ ਜਾ ਰਹੀ ਹੋਵੇ ਤੇ ਡਰ ਰਹੀ ਹੋਵੇ ਕਿ ਕਿਤੇ ਕੋਈ ਤੁਪਕਾ ਡੁੱਲ੍ਹ ਨਾ ਜਾਵੇ। ਕੰਧ ਉਤੋਂ ਉਸ ਵਲ ਵੇਖਣ ਵਾਲੇ ਲੋਕਾਂ ਨੂੰ ਉਸ ਦੀ ਨੁਹਾਰ ਜਿਉਂ ਜਿਉਂ ਛੋਟੀ ਹੁੰਦੀ ਜਾਪੀ, ਉਹ ਮਹਿਸੂਸ ਕਰਨ ਲੱਗੇ ਕਿ ਉਸ ਤੀਵੀਂ ਦੇ ਨਾਲ ਉਨ੍ਹਾਂ ਦੀ ਨਿਰਾਸਤਾ ਅਤੇ ਬੇਬਸੀ ਵੀ ਚਲੀ ਗਈ ਹੈ।

ਉਨ੍ਹਾਂ ਨੇ ਵੇਖਿਆ, ਉਹ ਰਾਹ ਵਿਚਕਾਰ ਰੁਕ ਗਈ, ਆਪਣੇ ਸਿਰ ਉਤਲਾ ਕਪੜਾ ਉਸ ਨੇ ਪਿਛਾਂਹ ਹਟਾ ਦਿੱਤਾ ਤੇ ਮੁੜ ਕੇ ਕਿੰਨਾ ਚਿਰ ਤਾਈਂ ਸ਼ਹਿਰ ਵਲ ਤੱਕਦੀ ਰਹੀ। ਤੇ ਉਧਰ ਦੁਸ਼ਮਣਾਂ ਨੇ ਉਸ ਨੂੰ ਮੈਦਾਨ ਵਿਚ 'ਕੱਲੀ ਖਲੋਤੀ ਹੋਈ ਵੇਖਿਆ। ਫੇਰ ਉਸੇ ਵਰਗੀਆਂ

ਕਾਲੀਆਂ ਕਾਲੀਆਂ ਨੁਹਾਰਾਂ ਸਚੇਤ ਹੋ ਕੇ ਉਸ ਵਲ ਆਈਆਂ। ਉਨ੍ਹਾਂ ਨੇ ਪੁਛਿਆ ਕਿ ਉਹ ਕੌਣ ਹੈ ਤੇ ਕਿਥੇ ਜਾ ਰਹੀ ਹੈ।

"ਤੁਹਾਡਾ ਆਗੂ ਮੇਰਾ ਪੁੱਤਰ ਏ," ਉਸ ਨੇ ਕਿਹਾ ਤੇ ਕਿਸੇ ਵੀ ਸਿਪਾਹੀ ਨੂੰ ਉਸ ਦੀ ਗੱਲ 'ਤੇ ਸ਼ੱਕ ਨਾ ਹੋਇਆਂ। ਉਸ ਦੇ ਨਾਲ ਤੁਰਦੇ ਤੁਰਦੇ ਉਹ ਉਸ ਦੇ ਪੁੱਤਰ ਦੀ ਪ੍ਰਸੰਸਾ ਦੇ ਗੀਤ ਗਾਉਣ ਲੱਗੇ ਤੇ ਉਸ ਦੀ ਚਲਾਕੀ ਅਤੇ ਬਹਾਦਰੀ ਨੂੰ ਸਲਾਹੁਣ ਲਗੇ। ਮਾਣ ਨਾਲ ਸਿਰ ਉੱਚਾ ਕਰਕੇ ਉਹ ਉਨ੍ਹਾਂ ਦੀਆਂ ਗੱਲਾਂ ਸੁਣਦੀ ਰਹੀ ਤੇ ਉਸ ਨੇ ਰਤਾ ਕੁ ਵੀ ਹੈਰਾਨੀ ਪ੍ਰਗਟ ਨਹੀਂ ਕੀਤੀ ਕਿਉਂਕਿ ਉਸ ਦਾ ਪੁੱਤਰ ਇਸ ਤੋਂ ਕੁਝ ਹੋਰ ਹੋ ਹੀ ਨਹੀਂ ਸੀ ਸਕਦਾ।

ਤੇ ਹੁਣ, ਅਖ਼ੀਰ ਉਹ ਉਸ ਆਦਮੀ ਦੇ ਸਾਹਮਣੇ ਖਲੋਤੀ ਸੀ ਜਿਸ ਨੂੰ ਉਹ ਉਸ ਦੇ ਜਨਮ ਤੋਂ ਨੌਂ ਮਹੀਨੇ ਪਹਿਲਾਂ ਤੋਂ ਜਾਣਦੀ ਸੀ, ਜਿਸ ਨੂੰ ਉਹ ਆਪਣੇ ਦਿਲ ਨਾਲੋਂ ਵਖਰਾ ਕਦੇ ਨਹੀਂ ਸੀ ਮੰਨਦੀ। ਰੇਸ਼ਮੀ ਅਤੇ ਮਖ਼ਮਲੀ ਲਿਬਾਸ ਪਾਈ ਉਹ ਉਸ ਦੇ ਸਾਹਮਣੇ ਖਲੋਤਾ ਸੀ ਤੇ ਉਸ ਦੇ ਹਥਿਆਰਾਂ ਉਤੇ ਮੋਤੀ ਜੜੇ ਹੋਏ ਸਨ। ਸਭ ਕੁਝ ਉਹੋ ਜਿਹਾ ਹੀ ਸੀ ਜਿਹੋ ਜਿਹਾ ਹੋਣਾ ਚਾਹੀਦਾ ਸੀ। ਮਾਂ ਨੇ ਕਈ ਵਾਰ ਸੁਪਨਿਆਂ ਵਿਚ ਉਸ ਨੂੰ ਏਸੇ ਰੂਪ ਵਿਚ ਤੱਕਿਆ ਸੀ — ਅਮੀਰ, ਮਸ਼ਹੂਰ ਤੇ ਸਲਾਹੁਣ ਯੋਗ।

"ਮਾਂ!" ਮਾਂ ਦੇ ਹੱਥਾਂ ਨੂੰ ਚੁੰਮਦਿਆਂ ਉਸ ਨੇ ਕਿਹਾ, "ਤੂੰ ਮੇਰੇ ਕੋਲ ਆ ਗਈ ਏਂ, ਤੂੰ ਮੇਰੇ ਨਾਲ ਏਂ, ਤੇ ਭਲਕੇ ਮੈਂ ਉਸ ਸਰਾਪੇ ਹੋਏ ਸ਼ਹਿਰ ਨੂੰ ਜਿੱਤ ਲਵਾਂਗਾ!"

"ਹਾਂ, ਉਸੇ ਸ਼ਹਿਰ ਨੂੰ, ਜਿਥੇ ਤੂੰ ਜੰਮਿਆਂ ਸੈਂ।" ਮਾਂ ਨੇ ਚੇਤਾ ਕਰਾਇਆ।

ਆਪਣੀ ਤਾਕਤ ਨਾਲ ਪਾਗਲ ਬਣੇ ਹੋਏ ਅਤੇ ਹੋਰ ਵਧੇਰੀ ਸ਼ਾਨ ਲਈ ਤਰਸਣ ਵਾਲੇ ਪੁੱਤਰਾਂ ਨੇ ਜਵਾਨੀ ਦੇ ਜੋਸ਼ ਵਿਚ ਹੰਕਾਰ ਨਾਲ ਜਵਾਬ ਦਿੱਤਾ:

"ਮੈਂ ਦੁਨੀਆਂ ਵਿਚ ਅਤੇ ਦੁਨੀਆਂ ਲਈ ਪੈਦਾ ਹੋਇਆ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਦੁਨੀਆਂ ਮੈਨੂੰ ਵੇਖ ਕੇ ਕੰਬ ਉੱਠੇ! ਹੁਣ ਤਾਈਂ ਮੈਂ ਇਸ ਸ਼ਹਿਰ ਨੂੰ ਜਿੱਤਿਆ ਨਹੀਂ ਸੀ, ਸਿਰਫ਼ ਤੇਰੇ ਕਰਕੇ। ਇਹ ਸ਼ਹਿਰ ਮੇਰੇ ਪੈਰ ਵਿਚ ਕੰਡੇ ਵਾਂਗ ਚੁਭ ਰਿਹਾ ਹੈ ਤੇ ਮੇਰੀ ਤੇ ਮੇਰੀ ਮਸ਼ਹੂਰੀ ਦੇ ਰਾਹ ਵਿਚ ਰੋੜਾ ਬਣਿਆ ਹੋਇਆ ਹੈ। ਪਰ ਭਲਕੇ ਮੈਂ ਤਬਾਹ ਕਰ ਦਿਆਂਗਾ ਇਨ੍ਹਾਂ ਜ਼ਿਦਲ ਮੂਰਖਾਂ ਦੇ ਆਲ੍ਹਣੇ ਨੂੰ!"

"ਜਿਥੋਂ ਦਾ ਹਰ ਪੱਥਰ ਤੈਨੂੰ ਇਕ ਬੱਚੇ ਦੇ ਰੂਪ ਵਿਚ ਜਾਣਦਾ ਏ ਤੇ ਚੇਤੇ ਕਰਦਾ ਏ।" ਮਾਂ ਨੇ ਕਿਹਾ।

"ਪੱਥਰ ਤਦ ਤਾਈਂ ਗੂੰਗੇ ਹਨ ਜਦ ਤਾਈਂ ਆਦਮੀ ਉਨ੍ਹਾਂ ਨੂੰ ਜ਼ਬਾਨ ਨਹੀਂ ਦਿੰਦਾ। ਪਹਾੜ ਮੇਰੇ ਗੀਤ ਗਾਉਣ, ਇਹੀ ਮੈਂ ਚਾਹੁੰਦਾ ਹਾਂ!"

"ਤੇ ਮਨੁੱਖ?" ਮਾਂ ਨੇ ਪੁਛਿਆ।

"ਹਾਂ ਮਾਂ, ਮੈਂ ਉਨ੍ਹਾਂ ਨੂੰ ਭੁਲਾਇਆ ਨਹੀਂ ਏ। ਮੈਨੂੰ ਉਨ੍ਹਾਂ ਦੀ ਵੀ ਲੋੜ ਏ ਕਿਉਂਕਿ ਮਨੁੱਖ ਦੀ ਹੀ ਯਾਦ ਵਿਚ ਉਹ ਬਹਾਦਰ ਅਮਰ ਬਣਦੇ ਹਨ!"

ਮਾਂ ਨੇ ਕਿਹਾ:

"ਬਹਾਦਰ ਉਹ ਵੀ ਹੈ ਜੋ ਮੌਤ ਦਾ ਮੁਕਾਬਲਾ ਕਰਕੇ ਜ਼ਿੰਦਗੀ ਨੂੰ ਉਸਾਰਦਾ ਏ, ਜੋ ਮੌਤ ਨੂੰ ਜਿੱਤ ਲੈਂਦਾ ਏ......"

"ਨਹੀਂ!" ਪੁੱਤਰ ਨੇ ਟੋਕਿਆ। "ਸ਼ਹਿਰ ਨੂੰ ਤਬਾਹ ਕਰਨ ਵਾਲੇ ਦੀ ਸ਼ਾਨ ਉਡੀ ਹੀ ਵੱਡੀ ਏ ਜਿੰਨੀ ਸ਼ਹਿਰ ਨੂੰ ਉਸਾਰਨ ਵਾਲੇ ਦੀ। ਵੇਖ, ਅਸੀਂ ਨਹੀਂ ਜਾਣਦੇ ਕਿ ਰੋਮ ਨੂੰ ਕਿਸ ਨੇ ਉਸਾਰਿਆ — ਏਨਿਅਸ ਨੇ ਜਾਂ ਰੋਮੁਲਸ ਨੇ — ਪਰ ਅਸੀਂ ਅਲਾਰਿਕ ਅਤੇ ਹੋਰਨਾਂ ਬਹਾਦਰਾਂ ਦੇ ਨਾਂ ਚੰਗੀ ਤਰ੍ਹਾਂ ਜਾਣਦੇ ਹਾਂ, ਜਿਨ੍ਹਾਂ ਨੇ ਰੋਮ ਨੂੰ ਤਹਿਸ਼ ਨਹਿਸ਼ ਕੀਤਾ......"

"ਪਰ ਰੋਮ ਦਾ ਨਾਂ ਨਾ ਮਰਿਆ।" ਮਾਂ ਨੇ ਕਿਹਾ।

ਇਸ ਤਰ੍ਹਾਂ ਦੋਵੇਂ, ਸੂਰਜ ਡੁੱਬਣ ਤੀਕ ਗੱਲਾਂ ਕਰਦੇ ਰਹੇ; ਮਾਂ ਉਸ ਦੀਆਂ ਜੋਸ਼ ਭਰੀਆਂ ਗੱਲਾਂ ਵਿਚ ਹੌਲੀ ਹੌਲੀ ਆਪਣੀ ਟੋਕ ਟੁਕਾਈ ਘਟ ਕਰਦੀ ਗਈ ਤੇ ਉਸ ਦਾ ਮਾਣਮੱਤਾ ਸਿਰ ਸਹਿਜੇ ਸਹਿਜੇ ਨਉਂਦਾ ਗਿਆ।

ਮਾਂ ਉਸਾਰਦੀ ਹੈ, ਰੱਖਿਆ ਕਰਦੀ ਹੈ, ਤੇ ਉਸ ਦੇ ਸਾਹਮਣੇ



ਤਬਾਹੀ ਦੀਆਂ ਗੱਲਾਂ ਕਰਨੀਆਂ ਉਸ ਦੇ ਉਲਟ ਬੋਲਣਾ ਹੈ, ਪਰ ਪੁੱਤਰ ਨੂੰ ਇਹ ਪਤਾ ਨਹੀਂ ਸੀ।

ਮਾਂ ਸਦਾ ਹੀ ਮੌਤ ਦਾ ਵਿਰੋਧ ਕਰਦੀ ਹੈ। ਜੋ ਹੱਥ ਮਨੁੱਖ ਦੇ ਘਰ ਵਿਚ ਮੌਤ ਨੂੰ ਸੱਦ ਲਿਆਉਂਦੇ ਹਨ ਉਹ ਮਾਵਾਂ ਲਈ ਘਿਰਣਾ ਭਰੇ ਹਨ, ਪਰ ਪੁੱਤਰ ਇਹ ਜਾਣ ਨਾ ਸਕਿਆ ਕਿਉਂਕਿ ਦਿਲ ਨੂੰ ਮਾਰ ਦੇਣ ਵਾਲੀ ਆਪਣੀ ਸ਼ਾਨ ਦੀ ਠੰਡੀ ਯਖ ਜਗਮਗਾਹਟ ਸਦਕਾ ਉਸ ਦੀਆਂ ਅੱਖਾਂ ਵਿਚ ਚਕਾਚੂੰਧ ਛਾ ਗਈ ਸੀ।

ਉਸ ਨੂੰ ਇਹ ਵੀ ਪਤਾ ਨਹੀਂ ਸੀ ਕਿ ਮਾਂ ਜਿੰਨੀ ਨਿਡਰ ਹੁੰਦੀ ਹੈ, ਓਨੀਂ ਹੀ ਚਾਲਾਕ ਤੇ ਸਖ਼ਤ ਵੀ ਹੁੰਦੀ ਹੈ, ਜਦ ਉਹ ਵੇਖਦੀ ਹੈ ਕਿ ਉਸ ਜ਼ਿੰਦਗੀ ਨੂੰ ਖ਼ਤਰਾ ਹੈ ਜਿਸ ਨੂੰ ਉਸ ਨੇ ਸਿਰਜਿਆ ਹੈ ਤੇ ਪ੍ਰਵਾਨ ਚੜ੍ਹਾਇਆ ਹੈ।

ਮਾਂ ਸਿਰ ਨਿਵਾਈ ਬੈਠੀ ਸੀ ਤੇ ਸ਼ਾਨਦਾਰ ਤੰਬੂ ਦੇ ਖੁੱਲ੍ਹੇ ਹਿੱਸੇ 'ਚੋਂ ਉਸ ਸ਼ਹਿਰ ਨੂੰ ਵੇਖ ਰਹੀ ਸੀ ਜਿਥੇ ਉਸ ਨੇ ਆਪਣੀ ਕੁੱਖ ਵਿਚ ਜ਼ਿੰਦਗੀ ਦੀ ਮਿੱਠੀ ਕੰਬਣੀ ਮਹਿਸੂਸ ਕੀਤੀ ਸੀ ਤੇ ਜੰਮਣ-ਪੀੜਾਂ ਸਹੀਆਂ ਸਨ ਤੇ ਜਿਸ ਪੁੱਤਰ ਨੂੰ ਜਨਮ ਦਿੱਤਾ ਸੀ ਉਹੀ ਹੁਣ ਉਸ ਸ਼ਹਿਰ ਦੀ ਤਬਾਹੀ ਲਈ ਤਰਸ ਰਿਹਾ ਸੀ।

ਸੂਰਜ ਦੀਆਂ ਲਾਲ ਸੂਹੀਆਂ ਕਿਰਨਾਂ ਨੇ ਸ਼ਹਿਰ ਦੀਆਂ ਕੰਧਾਂ ਅਤੇ ਮੁਨਾਰਿਆਂ ਨੂੰ ਰੰਗ ਦਿੱਤਾ ਤੇ ਬਾਰੀਆਂ ਦੇ ਸ਼ੀਸ਼ਿਆਂ ਨੂੰ ਇੰਜ ਲਿਸ਼ਕਾਇਆ ਕਿ ਸਾਰਾ ਸ਼ਹਿਰ ਜ਼ਖ਼ਮਾਂ ਨਾਲ ਭਰੇ ਸਰੀਰ ਵਰਗਾ ਦਿਸਣ ਲਗਾ, ਜਿਸ ਦੇ ਹਰ ਡੂੰਘੇ ਜ਼ਖ਼ਮ ਵਿਚੋਂ ਜ਼ਿੰਦਗੀ ਦੇ ਲਹੂ ਦੀ ਧਾਰ ਵਹਿ ਰਹੀ ਸੀ। ਛੇਤੀ ਹੀ ਸ਼ਹਿਰ ਲੋਥ ਵਾਂਗ ਕਾਲਾ ਪੈ ਗਿਆ। ਉਸ ਦੇ ਉਪਰ ਅਨਗਿਣਤ ਤਾਰੇ ਅੰਤਲੇ ਸੰਸਕਾਰ ਵੇਲੇ ਬਾਲੀਆਂ ਗਈਆਂ ਮੋਮਬੱਤੀਆਂ ਵਾਂਗ, ਚਮਕ ਰਹੇ ਸਨ।

ਉਸ ਨੇ ਉਨ੍ਹਾਂ ਹਨੇਰੇ ਘਰਾਂ ਨੂੰ ਵੇਖਿਆ ਜਿਨ੍ਹਾਂ ਵਿਚ ਲੋਕ ਬਤੀਆਂ ਜਗਾਉਣੋਂ ਡਰ ਰਹੇ ਸਨ ਮਤੇ ਦੁਸ਼ਮਣ ਦਾ ਧਿਆਨ ਉਨ੍ਹਾਂ ਵਲ ਖਿਚਿਆ ਜਾਏ; ਉਸ ਨੇ ਉਨ੍ਹਾਂ ਸੜਕਾਂ ਨੂੰ ਵੇਖਿਆ ਜਿਨ੍ਹਾਂ 'ਤੇ ਹਨੇਰਾ ਸੀ ਅਤੇ ਲੋਥਾਂ ਦੀ ਬੋ ਪਸਰੀ ਹੋਈ ਸੀ। ਮੌਤ ਦੀ ਉਡੀਕ ਵਿਚ ਜ਼ਿੰਦਗੀ ਦੀਆਂ ਘੜੀਆਂ ਗਿਣਨ ਵਾਲੇ ਲੋਕਾਂ ਦੀਆਂ ਮੱਧਮ ਆਵਾਜ਼ ਵਿਚ ਗੱਲਾਂ ਉਸ ਨੇ ਸੁਣ ਲਈਆਂ — ਉਸ ਨੇ ਇਹ ਸਭ ਵੇਖਿਆ। ਉਸ ਲਈ ਜੋ ਕੁਝ ਆਪਣਾ ਅਤੇ ਪਿਆਰਾ ਸੀ, ਉਹ ਸਭ ਉਸ ਦੇ ਸਾਹਮਣੇ ਉਸ ਦੇ ਫ਼ੈਸਲੇ ਦੀ ਉਡੀਕ ਵਿਚ ਚੁਪ ਖਲੋਤਾ ਰਿਹਾ ਤੇ ਉਸ ਨੇ ਮਹਿਸੂਸ ਕੀਤਾ ਕਿ ਉਹ ਸ਼ਹਿਰ ਵਿਚ ਰਹਿਣ ਵਾਲੇ ਸਾਰੇ ਲੋਕਾਂ ਦੀ ਮਾਂ ਹੈ।

ਪਹਾੜਾਂ ਦੇ ਕਾਲੇ ਸਿਖਰਾਂ ਤੋਂ ਬੱਦਲ ਘਾਟੀ ਵਿਚ ਲਥ ਆਏ ਤੇ ਉਸ ਤਬਾਹ ਹੋਏ ਸ਼ਹਿਰ 'ਤੇ ਖੰਭਾਂ ਵਾਲੇ ਘੋੜਿਆਂ ਵਾਂਗ ਝਪਟ ਪਏ।

"ਅਸੀਂ ਸ਼ਾਇਦ ਅਜ ਰਾਤੀਂ ਹੱਲਾ ਕਰਾਂਗੇ," ਪੁੱਤਰ ਨੇ ਕਿਹਾ, "ਜੇ ਰਾਤ ਚੋਖੀ ਹਨੇਰੀ ਹੋਈ ਤਾਂ! ਜਦ ਸੂਰਜ ਅੱਖਾਂ ਨੂੰ ਚਕਾਚੂੰਧ ਕਰਦਾ ਹੈ ਤੇ ਹਥਿਆਰਾਂ ਦੀ ਲਿਸ਼ਕ ਸਿਪਾਹੀਆਂ ਦੀਆਂ ਅੱਖਾਂ ਨੂੰ ਅੰਨ੍ਹਿਆਂ ਕਰ ਦਿੰਦੀ ਹੈ, ਤਦ ਦੁਸ਼ਮਨ ਨੂੰ ਮਾਰਨਾ ਔਖਾ ਹੁੰਦਾ ਏ ਤੇ ਕਈ ਸਾਰੇ ਵਾਰ ਵਿਅਰਥ ਜਾਂਦੇ ਹਨ।" ਆਪਣੀ ਤਲਵਾਰ ਨੂੰ ਵੇਖਦਿਆਂ ਉਸ ਨੇ ਕਿਹਾ!

ਮਾਂ ਨੇ ਉਸ ਨੂੰ ਕਿਹਾ :

"ਆ ਮੇਰੇ ਲਾਲ, ਮੇਰੀ ਛਾਤੀ 'ਤੇ ਸਿਰ ਰਖ ਕੇ ਰਤਾ ਅਰਾਮ ਕਰ ਲੈ। ਰਤਾ ਚੇਤੇ ਕਰ ਕਿ ਬਚਪਨ ਵਿਚ ਤੂੰ ਕਿੰਨਾਂ ਖ਼ੁਸ਼ ਤੇ ਦਿਆਲੂ ਸੈਂ ਤੇ ਕਿਸ ਤਰ੍ਹਾਂ ਹਰ ਕੋਈ ਤੈਨੂੰ ਪਿਆਰ ਕਰਦਾ ਸੀ......"

ਪੁੱਤਰ ਨੇ ਮਾਂ ਦੀ ਗੱਲ ਮੰਨ ਲਈ ਤੇ ਆਪਣਾ ਸਿਰ ਉਸ ਦੀ ਗੋਦ ਵਿਚ ਰਖ ਕੇ ਅਤੇ ਅੱਖਾਂ ਮੀਟ ਕੇ ਕਿਹਾ :

"ਮੈਂ ਪਿਆਰ ਕਰਦਾ ਹਾਂ ਸਿਰਫ਼ ਉੱਚੀ ਸ਼ਾਨ ਨੂੰ ਤੇ ਤੈਨੂੰ ਇਸ ਲਈ ਪਿਆਰ ਕਰਦਾ ਹਾਂ ਕਿ ਤੂੰ ਮੈਨੂੰ ਅਜਿਹਾ ਬਣਾਇਆ ਏ।"



"ਤੇ ਤੂੰ ਤੀਵੀਂਆਂ ਨੂੰ ਪਿਆਰ ਨਹੀਂ ਕਰਦਾ?" ਉਸ ਦੇ ਚਿਹਰੇ 'ਤੇ ਨਿਉਂਦਿਆਂ ਮਾਂ ਨੇ ਪੁਛਿਆ।

"ਭਲਾ ਉਨ੍ਹਾਂ ਦੀ ਕੀ ਘਾਟ ਏ? ਪਰ ਆਦਮੀ ਉਨ੍ਹਾਂ ਤੋਂ ਉਸੇ ਤਰ੍ਹਾਂ ਅੱਕ ਜਾਂਦਾ ਏ ਜਿਸ ਤਰ੍ਹਾਂ ਹਰ ਉਸ ਸ਼ੈ ਤੋਂ ਜੋ ਬਹੁਤ ਮਿੱਠੀ ਹੋਵੇ।"

"ਤੇ ਫੇ ਤੂੰ ਇਹ ਨਹੀਂ ਚਾਹੁੰਦਾ ਕਿ ਤੇਰੇ ਬੱਚੇ ਹੋਣ?" ਮਾਂ ਨੇ ਅਖ਼ੀਰ ਪੁਛਿਆ।

"ਕਾਹਦੇ ਲਈ? ਤਾਂ ਜੋ ਉਹ ਮਰ ਜਾਣ? ਮੇਰੇ ਹੀ ਵਰਗਾ ਕੋਈ ਉਨ੍ਹਾਂ ਨੂੰ ਮਾਰ ਸੁੱਟੇਗਾ; ਇਸ ਲਈ ਮੈਨੂੰ ਬੜਾ ਦੁਖ ਹੋਵੇਗਾ ਤੇ ਤਦ ਤਾਈਂ ਮੈਂ ਏਨਾ ਬੁੱਢਾ ਅਤੇ ਕਮਜ਼ੋਰ ਬਣ ਜਾਵਾਂਗਾ ਕਿ ਬੱਚਿਆਂ ਦੀ ਮੌਤ ਦਾ ਬਦਲਾ ਨਹੀਂ ਲੈ ਸਕਾਂਗਾ।"

"ਤੂੰ ਸੁਹਣਾ ਏਂ, ਪਰ ਓਨਾਂ ਹੀ ਰੁੱਖਾ ਏਂ, ਬਾਂਝ ਧਰਤੀ ਵਰਗਾ।" ਮਾਂ ਨੇ ਆਹ ਭਰ ਕੇ ਕਿਹਾ।

"ਹਾਂ, ਬਾਂਝ ਧਰਤੀ ਵਰਗਾ......" ਪੁੱਤਰ ਨੇ ਮੁਸਕਰਾ ਕੇ ਜਵਾਬ ਦਿੱਤਾ।

ਹੁਣ ਉਹ ਮਾਂ ਦੀ ਛਾਤੀ 'ਤੇ ਬੱਚੇ ਵਾਂਗ ਸੌਂ ਰਿਹਾ ਸੀ।

ਮਾਂ ਨੇ ਪੁੱਤਰ ਨੂੰ ਆਪਣੇ ਕਾਲੇ ਪੱਲੇ ਨਾਲ ਢੱਕ ਦਿੱਤਾ, ਉਸ ਦੇ ਦਿਲ ਵਿਚ ਉਸ ਨੇ ਛੁਰਾ ਖੋਭ ਦਿੱਤਾ ਤੇ ਇਕਵਾਰਗੀ ਕੰਬ ਕੇ ਪੁੱਤਰ ਨੇ ਪ੍ਰਾਣ ਛਡ ਦਿੱਤੇ। ਹਾਂ, ਮਾਂ ਤੋਂ ਛੁੱਟ ਉਸ ਦੇ ਦਿਲ ਦੀ ਹਰਕਤ ਨੂੰ ਵਧੇਰੇ ਚੰਗੀ ਤਰ੍ਹਾਂ ਹੋਰ ਕੌਣ ਜਾਣ ਸਕਦਾ ਸੀ? ਹੈਰਾਨ ਹੋਏ ਸਿਪਾਹੀਆਂ ਦੇ ਪੈਰਾਂ ਕੋਲ ਪੁੱਤਰ ਦੀ ਲੋਥ ਨੂੰ ਸੁੱਟ ਕੇ ਉਸ ਨੇ ਆਪਣੇ ਸ਼ਹਿਰ ਵਲ ਸੈਨਤ ਕਰਦਿਆਂ ਕਿਹਾ :

"ਇਕ ਸ਼ਹਿਰੀ ਹੋਣ ਸਦਕਾ ਮੈਂ ਆਪਣੇ ਮੁਲਕ ਲਈ ਉਹ ਸਭ ਕੁਝ ਕਰ ਦਿੱਤਾ ਜੋ ਮੈਂ ਕਰ ਸਕਦੀ ਸਾਂ; ਤੇ ਮਾਂ ਹੋਣ ਸਦਕਾ ਮੈਂ ਆਪਣੇ ਪੁੱਤਰ ਦੇ ਨਾਲ ਹਾਂ! ਹੁਣ ਮੇਰੇ ਲਈ ਫੇਰ ਪੁੱਤਰ ਨੂੰ ਪਾਉਣਾ ਅਸੰਭਵ ਹੈ ਕਿਉਂਕਿ ਮੇਰੀ ਉਮਰ ਢਲ ਗਈ ਏ। ਮੈਂ ਮੰਨਦੀ ਹਾਂ ਕਿ ਹੁਣ ਮੇਰੇ ਜਿਉਂਦੀ ਰਹਿਣ ਨਾਲ ਕਿਸੇ ਨੂੰ ਕੋਈ ਫ਼ਾਇਦਾ ਨਹੀਂ ਹੋਣਾ।"



ਤੇ ਇਹ ਕਹਿ ਕੇ ਉਸ ਨੇ ਆਪਣੇ ਪੁੱਤਰ ਦੇ ਲਹੂ ਨਾਲ, ਖ਼ੁਦ ਆਪਣੇ ਹੀ ਲਹੂ ਨਾਲ ਲਿਬੜਿਆ ਉਹ ਗਰਮ ਛੁਰਾ, ਜ਼ੋਰ ਨਾਲ ਆਪਣੀ ਛਾਤੀ ਵਿਚ ਖੋਭ ਲਿਆ — ਤੇ ਏਸ ਵਾਰ ਵੀ ਉਹ ਉੱਕੀ ਨਹੀਂ ਕਿਉਂਕਿ ਦਰਦ ਭਰੇ ਦਿਲ ਨੂੰ ਲਭਣਾ ਔਖਾ ਨਹੀਂ ਹੁੰਦਾ।

●

CONGRATULATIONS AND BEST WISHES TO

# THE WATNO DUR

on completion of (2) years from



*K. S. Pabla*

# BOMBAY CURRY RESTAURANT

**3934 MAIN STREET (23RD AVENUE)**

**VANCOUVER, B.C.**

**PHONE: 874-5722**

# ਬੰਬੇ ਕਰੀ ਰੈਸਟੋਰੈਂਟ

3934- ਮੇਨ ਸਟਰੀਟ ਵੈਨਕੂਵਰ, ਬੀ. ਸੀ.

( ਫ਼ੋਨ: 874-5722 )

ਜਿੱਥੇ ਤੁਸੀ

ਚਿਕਨ ਕਰੀ, ਲੈਂਬ ਕਰੀ, ਬੀਫ਼ ਕਰੀ, ਬੱਕਰੇ ਦਾ ਸਪੈਸ਼ਲ ਮੀਟ ਤੇ ਹੋਰ ਭਾਰਤੀ ਮਠਿਆਈ- ਜਲੇਬੀਆਂ, ਗੋਲ ਗੱਪੇ ਤੇ ਬਰਫ਼ੀ ਦਾ ਸੁਆਦ ਮਾਣ ਸਕਦੇ ਹੋ। ਏਥੇ ਵਿਆਹ-ਸ਼ਾਦੀਆਂ ਸਮੇਂ ਪਾਰਟੀਆਂ ਦਾ ਪਰਬੰਧ ਵੀ ਕਰਦੇ ਹਾਂ।

ਮਾਲਕ: ਕੇਵਲ ਸਿੰਘ ਪਾਬਲਾ ਜਿੰਨ੍ਹਾਂ ਦਾ ਕੁਕਿੰਗ ਦਾ ੨੦ ਸਾਲ ਦਾ ਤਜਰਬਾ ਹੈ।

# ਹਨੇਰੀ

ਵਰਿਆਮ ਸਿੰਘ ਸੰਧੂ

ਹਨੇਰੀ ਨਾਲ ਤੀਲਾ ਤੀਲਾ ਹੋਈਆਂ ਕਣਕ ਦੀਆਂ ਭਰੀਆਂ ਨੂੰ ਪੈਲੀ ਵਿਚੋਂ ਇਕੱਠਾ ਕਰਦਿਆਂ ਦਿਨ ਸਿਰ 'ਤੇ ਚੜ੍ਹ ਆਇਆ ਸੀ। 'ਕੋਈ ਕਿਤੇ, ਕੋਈ ਕਿਤੇ ਡਿੱਗੇ ਨਾੜ ਤੇ ਸਿੱਟਿਆਂ ਵਾਂਗ ਉਸਦੇ ਖਿਆਲ ਵੀ ਖਿੱਲਰੇ ਫਿਰਦੇ ਸਨ।

...ਇਕ ਪਲ...ਬਚਪਨ ਵਿਚ ਉਹ ਆਪਣੇ ਪਿੰਡ ਦੇ ਭਾਦੋਂ ਦੇ ਮੇਲੇ ਤੇ ਆਪਣੇ ਆਪ ਨੂੰ ਅੱਖਾਂ ਨੂੰ ਲਾਉਣ ਵਾਲੀ 'ਦੂਰਬੀਨ' ਲਾਈ ਤੱਕਦਾ...ਦੂਜੇ ਪਲ... ਫੌਜੂ ਸਾਂਹਸੀ ਨਾਲ ਸੈਂਟਰ ਸਕੂਲੇ ਰੁੱਕਾ ਲੈ ਕੇ ਜਾਂਦਿਆ ਰਾਹ ਵਿਚ ਬੇਰ ਤੋੜਦਾ... ਤੇ ਫਿਰ ਤੀਸਰੇ ਪਲ...ਖੂੰਨੀ ਵਾਲੇ ਖੂਹ ਤੇ ਸਾਧਾ ਸੂੰਹ ਕੇ ਗੁਰਮੀਤ ਕੀ ਬੰਬੀ ਤੇ ਕਿਸੇ ਗੁਪਤ ਮੀਟਿੰਗ ਵਿਚ ਬੈਠਾ...ਬੁੱਢੇ ਬਾਬੇ ਦੀ ਚਾਨਣ 'ਚ ਹਿੱਲਦੀ ਦਾੜੀ... ਉਸਦੀ ਸਰਕਾਰ ਤੇ ਸਰਮਾਏਦਾਰਾਂ ਵਿਰੁੱਧ ਹੌਲੀ ਪਰ ਨਫ਼ਰਤ ਭਰੀ ਤੇ ਕਰੜੀ ਆਵਾਜ਼ ਸੁਣਦਾ...।

"ਚਾਨਣਾ ! ਆ ਜਾ ਗੱਫੇ ਲਾ ਲਾ...ਦਮ ਵੀ ਲੈ ਲਿਆ ਕਰ ਘੜੀ...ਕੰਮ ਤਾਂ ਜੱਟਾਂ ਤੇ ਮੁੱਕਣੇ ਈ ਨੀਂ ਸਾਰੀ ਉਮਰ...।"

ਚਾਨਣ ਨੇ ਅੱਖਾਂ ਚੁੱਕਕੇ ਵੇਖਿਆ। ਜੀਤਾ, 'ਦਾਲ ਪੀਣਿਆਂ' ਦੇ ਬੰਨ੍ਹੇ ਤੇ ਖੜੋਤਾ ਸੀ।

"ਗੁਰੂ ਬਾਹਲਾ ਦਏ...ਖਾ ਕੇ ਆਇਆਂ ਸਵੇਰੇ ਤਾਂ...ਕੀ ਗੱਲ ਡੇਰ ਕਰਾਤੀ ?...ਹੌਲਦਾਰ ਮੂੰਹ ਚੁੱਕ ਚੁੱਕ ਵਿੰਹਦਾ ਹਊ...।" ਦਾਤਰੀ ਜ਼ਮੀਨ ਵਿਚ ਗੁਡ ਕੇ ਚਾਨਣ ਲੱਕ ਸਿੱਧਾ ਕਰਨ ਲਈ ਖੜੋਤਾ।

ਜੀਤੇ ਨੇ ਅਪਣੀ ਕਰੜ-ਬਰੜੀ ਦਾੜੀ 'ਚ ਉਂਗਲਾਂ ਫੇਰੀਆਂ। ਫਿਰ ਮੱਥੇ ਤੇ ਤਿਉੜੀਆਂ ਪਾ ਕੇ ਖਰ੍ਹਵੀ ਆਵਾਜ਼ ਵਿਚ ਬੋਲਿਆ, ' ਡੇਰ ਕੀ ਕਰਨੀ ਊਂ...ਪੁਲਸ ਤੇਰੇ ਸਾਹਮਣੇ...ਮੈਂ ਜਾਣਾ ਮੇਰਾ ਵਾਹਗੁਰੂ...ਕੁਤਿਆਂ ਅਗੂੰ ਹਰਲ ਹਰਲ ਕਰਦੀ ਫਿਰਦੀ ਆ। ਉਦਣ ਵਾਲੇ ਮੁਜ਼ਾਹਰੇ 'ਚ ਮੁੰਡਿਆਂ ਨੂੰ ਫੜਦੇ ਫਿਰਦੇ ਈ...।"

"ਹੋਇਆ ਕੋਈ ਬਚਾ?"

"ਬੀਰੇ ਹੁਰੀਂ ਤਾਂ ਭਜ ਗੇ ਕਾਮਰੇਡ ਜਗਦੀਸ਼ ਨੂੰ ਰਾਤੀਂ ਲੈ ਗੇ...। ਦੋ ਕੁਹੋਰ ਮੁੰਡੇ ਵੀ ਫੜੇ ਗਏ ਆ...ਮੈਂ ਜਾਣਾ ਮੇਰਾ ਵਾਹਗੁਰੂ...ਕਾਮਰੇਡ ਨੂੰ ਤਾਂ ਪੁਛਿਆਂ ਟੰਗਕੇ ਠਾਣੇ ਵਿਚਲੇ ਪਿੱਪਲ ਨਾਲ...ਰਾਤ ਦੀ ਉਹ ਛਿੱਲ ਲਾਹੀ ਊ...ਬੱਸ ਦਏ ਤੇ ਬੰਦਾ ਸਹੇ...ਠਾਣੇ ਦੇ ਬਾਹਰ ਮੁਲਖ ਖਲੋਤਾ ਜਿਵੇ ਤਮਾਸ਼ਾ ਲੱਗਾ ਹੋਏ...ਮੈਂ ਵੀ ਉੱਥੇ ਖਲੋ ਗਿਆ ਸਾਂ ਘੜੀ...ਮੈਂ ਜਾਣਾ ਮੇਰਾ ਵਾਹਗੁਰੂ...ਪੁੱਛ ਕੁਛ ਨਾ...ਬੱਸ ਕੰਬਣੀਆਂ ਆਉਂਦੀਆਂ...।"

"ਹੋਰ ਗੱਲ ਸੁਣੀ ਊ?" ਜੀਤਾ ਉਸ ਦੇ ਥੋੜ੍ਹਾ ਹੋਰ ਨੇੜੇ ਹੋ ਗਿਆ। ਚਾਨਣ ਨੇ ਪ੍ਰਸ਼ਨ ਪੁੱਛਦੀਆਂ ਅੱਖਾਂ ਉਸਦੇ ਮਾਉਲੇ ਚਿਹਰੇ 'ਤੇ ਛਡ ਦਿੱਤੀਆਂ।

"ਆਂਹਦੇ ਇੱਥੇ ਦਾ ਠਾਣੇਦਾਰ ਤਾਂ ਡਰਦਾ ਹੱਥ ਨੀ ਸੀ ਪਾਉਂਦਾ ਕਿਸੇ ਨੂੰ ...ਲਾਲਾ ਜਾ ਕੇ ਫੇਲੋਕਿਆਂ ਵਾਲੇ ਵਜੀਰ ਕੋਲ ਪਿੱਟਿਆ...ਅਖੇ ਸਾਡੀਆਂ ਕੁੜੀਆਂ ਤੇ ਸਾਡੀਆਂ ਇੰਜ ਮੁੰਡੇ ਦਾੜੀਆਂ ਪੁੱਟ ਜਾਣ...ਉਸਦੇ ਆਖਣ ਤੇ...ਮੈਂ ਜਾਣਾ ਮੇਰਾ ਵਾਹਗੁਰੂ...ਡੀ. ਐਸ. ਪੀ. ਤੇ ਲਾਲੇ ਆਪ ਕੋਲ ਖਲੋਕੇ ਕਾਮਰੇਡ ਨੂੰ ਕੁਟਾਇਆ...।"

ਕੁਝ ਚਿਰ ਚੁੱਪ ਰਹਿਕੇ ਜੀਤਾ ਮੂੰਹ 'ਚ ਪੈਂਦੀਆਂ ਮੁੱਛਾਂ ਟੁੱਕਣ ਲੱਗਾ। ਫਿਰ ਹੁੰਗਾਰਿਆ, "ਮੈਂ ਜਾਣਾ ਮੇਰਾ ਵਾਹਗੁਰੂ...ਲੋਕੀਂ ਚੁੱਪ ਕੀਤੇ ਵੇਖੀ ਜਾਣ ਉਏ...

ਰਾ ਦਿਲ ਕਰੇ ਲਾਲੇ ਨੂੰ ਭੁੰਨਦਾਂ...ਸਾਲਾ ਮੇਰਾ...।''

ਚਾਨਣ ਚੁੱਪ ਕੀਤਾ ਸੁਣਦਾ ਰਿਹਾ। ਇੰਜ-ਜਿਵੇਂ ਉਸਨੂੰ ਪਹਿਲਾਂ ਹੀ ਪਤਾ ਹੋਵੇ ਕਿ ਇਸ ਤਰ੍ਹਾਂ ਹੋਣਾ ਹੀ ਸੀ।

"...ਚੰਗਾ ਚੱਲੀਏ...ਬਿਜਲੀ ਦਾ ਪਤਾ ਕਰੀਏ...ਚਾਚੇ ਹੌਲਦਾਰ ਨਾਲ ਕੁਝ ਸਾਂਝੀਆਂ ਭਰੀਆਂ ਰਹਿੰਦੀਆਂ ਕੱਢਣ ਆਲੀਆਂ...ਪੰਜ ਦਿਨ ਹੋ ਗੇ ਅੜੇ ਬੈਠਿਆਂ...।"

ਜੀਤਾ ਤੁਰ ਗਿਆ। ਚਾਨਣ ਨੇ ਮੱਥੇ ਤੋਂ ਮੁੜ੍ਹਕਾ ਪੂੰਝਿਆ। ਬਾਂਹ ਤੇ ਡਿੱਗ ਆਇਆ ਕੁੜਤਾ ਡੌਲੇ ਤੱਕ ਲਪੇਟਿਆ ਤੇ ਫਿਰ ਬਾਹਵਾਂ ਸਿੱਧੀਆਂ ਕਰਕੇ ਲੱਕ ਦਾ ਕੜਾਕਾ ਕੱਢਣ ਲੱਗਾ।

ਖੱਬੇ ਹੱਥ ਬੀ ਲਈ ਰੱਖਿਆ ਛਟਾਲਾ ਨਿੰਮੋਝੂਣ ਸਿਰ ਸੁੱਟੀ ਖੜੋਤਾ ਸੀ। ਸਾਹਮਣੇ ਪਾਣੀ ਖੁਣੋਂ ਸੁੱਕਦੇ ਜਾ ਰਹੇ ਗਾਚੇ ਦੇ ਕੁਮਲਾਏ ਬੂਟੇ ਵੇਖਕੇ ਉਸਨੂੰ ਤੇਹ ਜਿਹੀ ਲੱਗ ਆਈ। ਬੁੱਲ੍ਹਾਂ ਤੇ ਜੀਭ ਫੇਰਕੇ ਉਸਨੇ ਲੂਣ ਵਾਲੇ ਪਸੀਨੇ ਨੂੰ ਧਰਤੀ ਉਤੇ ਥੁੱਕ ਦਿੱਤਾ। ਪਿੰਡੇ ਨੂੰ ਧੁੱਪ ਲੜਦੀ ਮਹਿਸੂਸ ਕੇ ਉਸਨੇ ਬੰਨ੍ਹੇ ਤੇ ਹਨੇਰੀ ਨਾਲ ਪੁੱਟੀ ਟਾਹਲੀ ਵੱਲ ਤੱਕਿਆ ਤੇ ਫਿਰ ਹੌਕਾ ਲੈ ਕੇ "ਵਾਅ...ਖਰੂ" ਕਹਿੰਦਾ ਜ਼ਮੀਨ ਤੇ ਬੈਠਕੇ ਕਣਕ ਇਕੱਠੀ ਕਰਨ ਲੱਗਾ। ਉਹਦੇ ਪੈਰਾਂ ਵਿਚ ਹਨੇਰੀ 'ਚ ਮਰੇ ਤੱਤੇ ਦੀ ਲਹੂ ਨਾਲ ਲਿਬੜੀ ਸਿਰੀ ਪਈ ਸੀ ਤੇ ਸੱਜੇ ਹੱਥ ਤਿੰਨ ਮਰੀਆਂ ਹੋਈਆਂ ਚਿੜੀਆਂ...ਖਿਲਰੇ ਖੰਭ...ਬੋਟੀਆਂ ਬੋਟੀਆਂ।

ਮਰੇ ਪੰਛੀ ਵੇਖ ਤੇ ਜੀਤੇ ਦੀਆਂ ਗੱਲਾਂ ਸੁਣਕੇ ਉਹ ਹੋਰ ਉਦਾਸ ਹੋ ਗਿਆ ਸੀ। ਕਣਕ ਵੱਢੀ ਨੂੰ ਕਈ ਦਿਨ ਹੋ ਗਏ ਸਨ। ਬੰਬੀ ਨੇੜੇ ਹੀ ਹੋਣ ਕਰਕੇ ਖਲਵਾੜੇ ਤੇ ਨਹੀਂ ਸੀ ਲਾਈ। ਸੋਚਿਆ ਸੀ, ਜਦੋਂ ਮਸ਼ੀਨ ਤੇ ਵਾਰਾ ਮਿਲੇਗਾ, ਨਾਲਦੇ ਨਾਲ ਸੁੱਟੀ ਜਾਏਗੀ। ਪਰ ਬਿਜਲੀ ਸੀ ਕਿ ਆਉਣ ਦਾ ਨਾਂ ਨਹੀਂ ਸੀ ਲੈਂਦੀ। ਪਹਿਲਾਂ ਬਿਜਲੀ ਵਾਲਿਆਂ ਦੀ ਉਂ ਹੜਤਾਲ ਰਹੀ ਸੀ।...ਤੇ ਉਧਰੋਂ ਕੁਦਰਤ ਨੂੰ ਵੀ ਚੈਨ ਨਹੀਂ ਸੀ। ਹਫਤਾ ਹੋਇਆ ਮੀਂਹ ਪੈ ਕੇ ਭਰੀਆਂ ਭਿੱਜ ਗਈਆਂ ਸਨ ਤੇ ਪਰਸੋਂ ਰਾਤ ਏਨੇਂ ਜ਼ੋਰ ਦੀ ਹਨੇਰੀ ਆਈ ਸੀ ਕਿ ਸਾਰੀਆਂ ਭਰੀਆਂ ਹੀ ਖੁਲ੍ਹਕੇ ਖਿਲਰ ਗਈਆਂ। ਕਣਕ ਤੀਲਾ ਤੀਲਾ ਹੋ ਕੇ ਖੇਤ 'ਚ ਖਿਲਰੀ ਪਈ ਸੀ। ਅਜੇ ਪਤਾ ਨਹੀਂ ਸੀ ਕਦੋਂ ਘਰ ਜਾਏ। ਤੇ ਉਨੇ ਚਿਰ ਨੂੰ ਹੋਰ ਖਬਰੇ ਕੀ ਕੀ...।

ਅੰਤਾਂ ਦੀ ਗਰਮੀ ਵਿਚ ਨੁੱਚੜਦਾ ਜਾਂਦਾ ਸਰੀਰ ਤੇ ਉੱਤੋਂ ਤਲਖੀ ਭਰੇ ਇਹ ਵਿਚਾਰ...। ਉਸਨੂੰ ਅਚਵੀ ਲੱਗੀ ਹੋਈ ਸੀ। ਅੰਗ ਅੰਗ ਵਿਚ ਥਕਾਵਟ, ਪੀੜ, ਰੋਹ, ਦੁੱਖ ਤੇ ਉਬਾਲ ਬੁੜ੍ਹਕ ਰਿਹਾ ਸੀ। ਉਸਦੇ ਤਪਦੇ ਹੋਏ ਦਿਲ 'ਚੋਂ ਇਕ ਵਰੋਲਾ ਉੱਠਕੇ ਉਸਦੇ ਦਿਮਾਗ ਨੂੰ ਚੜ੍ਹ ਗਿਆ। ਉਹਨੂੰ ਘੜੀ ਪਹਿਲਾਂ ਜੀਤੇ ਦੇ ਕਹੇ ਹੋਏ ਸ਼ਬਦ ਚੇਤੇ ਆਏ "...ਮੇਰਾ ਜੀ ਕਰੇ ਲਾਲੇ ਨੂੰ ਭੁੰਨਦਾਂ...ਸਾਲਾ ਮੇਰਾ।"

ਉਹਦਾ ਵੀ ਜੀ ਕੀਤਾ ਜਿਹੜੇ ਬਿਜਲੀ ਨਹੀਂ ਘਲਾਉਂਦੇ ...ਜਿਹੜੇ ਮਹਿੰਗਾਈ ਕਰੀ ਜਾਂਦੇ ਨੇ...ਜਿਹੜੇ ਲੋਕਾਂ ਨੂੰ ਨਿਚੋੜੀ ਜਾਂਦੇ ਨੇ ਤੇ ਆਪ ਫਿੱਟਦੇ ਜਾਂਦੇ ਨੇ...ਜਿਹੜੇ... ਜਿਹੜੇ...ਬੱਸ ਸਾਰਿਆਂ ਨੂੰ ਭੁੰਨ ਦੇਵੇ। ਉਹਦਾ ਅੰਦਰ ਪਾਟਣ ਨੂੰ ਆਇਆ ਹੋਇਆ ਸੀ। ਉਹ ਉਠਿਆ ਤੇ ਐਵੇਂ ਪੈਲੀ ਵਿਚ ਇਧਰੋਂ ਉੱਧਰ ਉੱਧਰੋਂ ਇਧਰ ਤੁਰਨ ਲੱਗਾ। ਉਹ ਸ਼ਾਂਤ ਹੋਣ ਦਾ ਯਤਨ ਕਰ ਰਿਹਾ ਸੀ।

'ਸਾਰਿਆਂ ਨੂੰ ਭੁੰਨ ਦੇਣ ਵਾਲੀ ਗੱਲ' ਉਸਨੂੰ ਬੜੀ ਵਧੀਆ ਲੱਗੀ।...ਪਰ ਦੂਸਰੇ ਹੀ ਪਲ ਉਹਦੀ ਸੋਚ ਨੇ ਪਾਸਾ ਪਰਤਿਆ...ਗੱਲ ਦਾ ਵਧੀਆ ਲੱਗਣਾ ਹੋਰ ਗੱਲ ਸੀ...ਤੇ ਗੱਲ ਦਾ ਸਿਰੇ ਚੜ੍ਹਨਾ ਬਿਲਕੁਲ ਹੋਰ...ਗੱਲ ਵਧੀਆ ਲੱਗਣ ਨੂੰ ਤਾਂ ਉਸਨੂੰ ਉਦੋਂ ਵੀ ਬੜੀ ਵਧੀਆ ਲੱਗੀ ਸੀ।

...ਖੂੰਨੀ ਵਾਲੇ ਖੂਹ ਤੇ ਗੁਰਮੀਤ ਕੀ ਬੰਬੀ ਵਿਚ ਬੁੱਢੇ ਬਾਬੇ ਦੇ ਬੋਲ ਗੂੰਜ ਰਹੇ ਸਨ, "...ਇਕ ਕਮਜ਼ੋਰ ਕੜੀ ਤੇ ਸੱਟ ਮਾਰਿਆਂ ਸਮੁੱਚੀ ਜ਼ੰਜੀਰ ਕਮਜ਼ੋਰ ਹੋਏਗੀ।...ਇੰਜ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਮੁਹਿੰਮ ਤੋਂ ਸ਼ੁਰੂ ਕਰਕੇ ਅਸੀਂ ਲੋਕਾਂ ਵਿਚ ਉਭਾਰ ਲਿਆਕੇ ਉਹਨਾਂ ਨੂੰ ਆਪਣੇ ਨਾਲ ਜੋੜਾਂਗੇ। ਲੋਕਾਂ ਦੀ ਤਾਕਤ ਉਸਾਰਾਂਗੇ।..."

ਇਕ ਵਾਰ ਤਾਂ 'ਜਮਾਤੀ ਦੁਸ਼ਮਣ ਦੇ ਸਫਾਏ' ਵਾਲੀ ਗੱਲ ਉਸਨੂੰ ਬਹੁਤ ਵਧੀਆ ਲੱਗੀ। ਉਹ ਕਲਪਨਾ ਵਿਚ ਹੀ ਇਲਾਕੇ ਦੇ ਕਈ ਲੋਕ ਦੁਸ਼ਮਣਾਂ ਨੂੰ ਗੋਲੀਆਂ ਨਾਲ ਭੁੰਨ ਰਿਹਾ ਸੀ।...ਪਰ ਫਿਰ ਦੂਸਰੇ ਪਲ ਹੀ ਉਹਨਾਂ ਪਿੱਛੇ ਗ਼ਰਜ਼ਾਂ ਨਾਲ ਬੱਧੇ ਲੋਕ, ਕਨੂੰਨ, ਪੁਲਸ, ਫੌਜ, ਸਰਕਾਰ ਖੜੋਤੀ ਦਿਸਦੀ ਤਾਂ ਉਸਨੂੰ ਲੱਗਦਾ...ਗੱਲ ਵਧੀਆ ਤਾਂ ਹੈ... ਪਰ ਬਣੇਗੀ ਕਿਵੇਂ?...ਏਡਾ ਵੱਡਾ ਦੁਸ਼ਮਣ...! ਤੇ ਉਂਗਲਾਂ ਦੇ ਉਤੇ ਗਿਣੇ ਜਾਣ ਵਾਲੇ ਕੁਝ ਬਹਾਦਰ ਸਾਥੀ!...ਉਸਨੂੰ ਬੜਾ ਅਜੀਬ ਜਿਹਾ ਲੱਗਦਾ—ਬੜਾ ਔਖਾ ਜਿਹਾ ਲੱਗਦਾ ਇਹ ਮੁਕਾਬਲਾ। ਤਿੰਨ ਚਾਰ ਮੀਟਿੰਗਾਂ...ਤੇ ਅਜੇ ਉਹ...ਗੱਲ ਵਧੀਆ ਤਾਂ ਹੈ ਪਰ ਬਣੇਗੀ ਕਿਵੇਂ?.. ਦੇ ਵਿਚਕਾਰ ਹੀ ਘੁਲਦਾ ਪਿਆ ਸੀ, ਕਿ ਪਿਛਲੇ ਸਾਲ ਕਾਲਜੋਂ ਪੜ੍ਹਕੇ ਹਟਿਆ ਤੇ ਪਿੰਡ ਵਿਚ ਉਸਦੀ ਤਸੱਲੀ ਕਰਾਉਣ ਵਾਲਾ ਗੁਰਮੀਤ ਅੰਡਰ ਗਰਾਉਂਡ ਹੋ ਗਿਆ ਸੀ। ਕਿਸੇ ਦੂਸਰੇ ਸ਼ਹਿਰ ਕੋਈ ਸਰਕਾਰੀ ਟਾਊਟ ਮਾਰਿਆ ਗਿਆ ਸੀ ਤੇ ਪੁਲਸ ਗੁਰਮੀਤ ਨੂੰ ਲੱਭਦੀ ਫਿਰਦੀ ਸੀ। ਘਰਦਿਆਂ ਨੂੰ ਤੰਗ ਕਰਦੀ ਰਹੀ। ਡੰਗਰ ਥਾਣੇ ਲਿਜਾਕੇ ਬੰਨ੍ਹ ਛੱਡੇ। ਪਰ ਗੁਰਮੀਤ ਪੇਸ਼ ਨਾ ਹੋਇਆ। ਪੁਲਸ ਕਹਿੰਦੀ ਸੀ...ਉਹਦਾ ਉਸ ਕਤਲ ਵਿਚ ਹੱਥ ਸੀ...ਤੇ ਫਿਰ ਇਕ ਹੋਰ ਰਾਤ...ਖਬਰ ਆਈ ਕਿ ਪੁਲਸ ਨਾਲ ਮੁਕਾਬਲਾ ਕਰਦਾ ਗੁਰਮੀਤ ਕਿਸੇ ਨਹਿਰ ਦੇ ਪੁਲ ਤੇ ਮਾਰਿਆ ਗਿਆ ਸੀ। ਉਸਦੀ ਲਾਸ਼ ਪਿੰਡ ਆਈ ਤਾਂ ਸਾਰਾ ਪਿੰਡ ਇਕੱਠਾ ਹੋਇਆ। ਲੋਕ ਉੱਚੀ ਤੇ ਹੌਲੀ ਕਹਿ ਰਹੇ ਸਨ, "ਨਕਸਲਬਾੜੀਆ ਸੀ...ਪੁਲਸ ਨੇ ਫੜਕੇ ਮਾਰਤਾ।"

"ਏਨਾਂ ਪੜ੍ਹ ਲਿਖਕੇ ਕਿਹੜੇ ਪਾਸੇ ਪੈ ਗਿਆ।"

"ਮਾਪਿਆਂ ਦਾ ਜਵਾਨ ਪੁੱਤ ਮਰ ਗਿਆ ਅੰਜਾਈ ਮੌਤੇ।"

ਤੇ ਚਾਨਣ ਦਾ ਉਦੋਂ ਜੀ ਕੀਤਾ ਸੀ ਲੋਕ ਵਹੀਰਾਂ ਘੱਤਕੇ ਸਰਕਾਰ ਦੇ ਗਲ ਜਾ ਪੈਣ। ਜਿਹੜੀ ਸਰਕਾਰ ਨੇ ਉਸਦਾ ਸਕੂਲ ਪੜ੍ਹਦੇ ਸਮੇਂ ਦਾ ਜਮਾਤੀ ਉਹਦਾ ਭਰਾਵਾਂ ਵਰਗਾ ਯਾਰ ਮਾਰ ਦਿੱਤਾ ਸੀ। ਉਹਨੂੰ ਲੱਗਾ ਸੀ ਗੁਰਮੀਤ ਨਹੀਂ, ਜਿਵੇਂ ਉਸਦੇ ਸਰੀਰ ਦਾ ਕੋਈ ਅੰਗ ਮਰ ਗਿਆ ਹੋਵੇ। ਅਜੇ ਤਾਂ ਕਾਲਜੋਂ ਆਕੇ ਗੁਰਮੀਤ ਨੇ ਉਸ ਨਾਲ ਗੱਲਾਂ ਹੀ ਬੜੀਆਂ ਥੋੜ੍ਹੀਆਂ ਕੀਤੀਆਂ ਸਨ। ਅਜੇ ਤਾਂ ਉਹਨਾਂ ਬੜਾ ਕੁਝ ਹੋਰ ਸਾਂਝਾ ਕਰਨਾ ਸੀ। ਪਰ ਗੁਰਮੀਤ ਤਾਂ ਤੁਰ ਗਿਆ ਸੀ। ਸਾਹਮਣੇ ਉਸਦੀ ਲਾਸ਼ ਪਈ ਸੀ। ਉਹ ਸੋਚ ਰਿਹਾ ਸੀ ਲੋਕਾਂ ਅੰਦਰ ਰੋਹ ਕਿਉਂ ਨਹੀਂ ਭੜਕਦਾ? ਲੋਕ ਸਭ

ਗਲਤ ਮਲਤ ਦਾ ਤਖਤਾ ਕਿਉਂ ਨਹੀਂ ਉਲਟਾ ਦਿੰਦੇ ?... ਪਰ ਲੋਕ ਤਾਂ ਐਵੇਂ ਕਿਵੇਂ ਦੀਆ ਗੱਲਾਂ ਕਰੀ ਜਾ ਰਹੇ ਸਨ। ਬੱਸ ਗੱਲਾਂ ਹੀ ਕਰੀ ਜਾ ਰਹੇ ਸਨ।...

ਉਹਨੇ ਮੁੱਛਾਂ ਵਿਚੋਂ ਬੁੱਲ੍ਹਾਂ ਵੱਲ ਸਰਕਦਾ ਨਮਕੀਨ ਪਾਣੀ ਮਹਿਸੂਸ ਕੀਤਾ ਤਾਂ ਉਹਨੂੰ ਪਤਾ ਲੱਗਾ ਕਿ ਉਹ ਤਾਂ ਰੋ ਰਿਹਾ ਸੀ। ਪੱਗ ਦੇ ਪੱਲੇ ਨਾਲ ਅੱਖਾਂ ਪੂੰਝਕੇ ਉਹ ਆਪਣੇ ਆਪ ਤੇ ਹੱਸਿਆ। ਜਿਹੜਾ ਰੋ ਰਿਹਾ ਸੀ ਬੱਚਿਆ ਵਾਂਗ।... ਇੰਜ ਤਾਂ ਪਿਛਲੇ ਸਾਲ ਉਹ ਆਪਣਾ ਪਿਉ ਮਰਨ ਤੇ ਵੀ ਨਹੀਂ ਸੀ ਰੋਇਆ। ਤੇ ਉਹ ਸੋਚਣ ਲੱਗਾ ਕਿ ਉਸਦੇ ਅੰਦਰੋਂ ਕਿਹੜੀ ਪੀੜ ਫੁੱਟ ਰਹੀ ਸੀ...ਗੁਰਮੀਤ ਦੀ...ਜਗਦੀਸ਼ ਦੀ...ਜਾਂ ਪਿਉ ਮਰਨ ਤੋਂ ਪਿਛੋਂ ਵੱਡਾ ਟੱਬਰ ਪਾਲਣ ਦੀ ਜ਼ਿਮੇਂਦਾਰੀ ਦੀ...।

ਸੂਰਜ ਢਾਲੇ ਪੈ ਗਿਆ ਸੀ ਜਦੋਂ ਉਸਨੇ ਸਾਰੀ ਪੈਲੀ ਵਿਚ ਖਿਲਰੀ ਕਣਕ ਢੇਰੀਆਂ ਉਤੇ ਇਕੱਠੀ ਕਰ ਦਿੱਤੀ। ਫਿਰ ਕਿੱਲੇ ਕੁ ਦੀ ਵਾਟ ਤੇ ਜੀਤੇ ਹੁਰਾਂ ਦੀ ਬੰਬੀ ਵੱਲ ਵੇਖਣ ਲੱਗਾ। ਜੀਤਾ ਹਨੇਰੀ ਨਾਲ ਖਿਲਰੀ ਤੂੜੀ ਤੰਗਲੀ ਨਾਲ ਇਕੱਠੀ ਕਰ ਰਿਹਾ ਸੀ।

"ਨਾਸ ਪੁੱਟ ਤਾ ਨ੍ਹੇਰੀ ਨੇ ਕਣਕ ਦਾ। ਉਤੋਂ ਬਿਜਲੀ ਨਹੀਂ ਆਉਂਦੀ।...ਬੜਾ 'ਨਾਜ ਖਰਾਬ ਹੋਇਆ," ਚਾਨਣ ਨੂੰ ਖਲੋਤਾ ਵੇਖ ਸੱਜਣ ਨੇ ਖੋਤੀ ਉਹਦੇ ਵਲ ਹਿੱਕ ਲਈ। ਉਹ ਪਿੰਡੋਂ ਜੀਤੇ ਹੁਰਾਂ ਕੋਲੋਂ ਤੂੜੀ ਦੀ ਰਿਲੀ ਲੈਣ ਆਇਆ ਸੀ।

"...ਰੇਟ ਕੰਜਰ ਦੇ ਪੁੱਤਾਂ ਡਿਉੜੇ ਕਰ ਤੇ। ਮਾਮਲਾ ਵਧਾ ਤਾ...ਖਾਦ ਦੂਣੀ ਕਰ ਤੀ।...ਪੈਸੇ ਲਈ ਫਿਰੋ, ਮਿਲਦਾ ਕੁਛ ਨ੍ਹੀਂ।" ਚਾਨਣ ਮੂੰਹੋਂ ਮੂੰਹ ਭਰਿਆ ਹੋਇਆ ਸੀ।

"ਬੱਸਾਂ ਦੇ ਕਰਾਏ ਵੀ ਬੜੇ ਵੱਧ ਗਏ। ਦਿਨੇਂ ਸ਼ਹਿਰੋਂ ਅਮਲੀ ਦਾ ਪਤਾ ਕਰਨ ਹਸਪਤਾਲ ਗਿਆ ਸਾਂ। ਪੈਂਤੀ ਪੈਸੇ ਆਪਣੇ ਪਿੰਡੋਂ ਸ਼ਹਿਰ ਦੇ ਹੋਰ ਵਧ'ਗੇ...ਸੱਚ ਯਾਰ...!" ਸੱਜਣ ਗੱਲ ਕਰਦਾ ਕਰਦਾ ਰੁਕ ਗਿਆ।

"ਹੂੰਅ" ਕਹਿੰਦੀਆਂ ਨਜ਼ਰਾਂ ਨਾਲ ਚਾਨਣ ਨੇ ਉਸ ਵੱਲ ਵੇਖਿਆ।

"ਲੈ ਬਈ...ਕਾਮਰੇਡ ਜਗਦੀਸ਼ ਨੂੰ ਬਹੁਤ ਕੁੱਟਿਆ ਪੁਲਿਸ ਨੇ। ਆਂਹਦੇ ਲਾਲਾ ਕੋਲ ਬੈਠਾ ਸੀ। ਸਾਰੀ ਫੋਲੋਕਿਆਂ ਵਾਲੇ ਵਜ਼ੀਰ ਦੀ ਗੱਲ ਈ ਪਿੱਛੇ...ਬੱਸ ਲੋਕਾਂ 'ਚ ਕਣ ਨ੍ਹੀਂ। ਨਹੀਂ ਤਾਂ ਭਲਿਆ ਮਾਣਸਾ! ਇਹ ਕੋਈ ਸਰਕਾਰਾਂ ਦੇ ਕੰਮ ਐਂ...ਜ਼ੁਲਮ...ਅੰਨ੍ਹਾਂ ਜ਼ੁਲਮ...ਉਹ ਸਾਡੇ ਆਸ ਤੇ ਈ ਵਚਾਰੇ ਰੌਲਾ ਪੌਂਦੇ ਨੇ...ਨਹੀਂ ਤਾਂ ਉਹਨਾਂ ਦਾ ਮੌਰਾਂ ਸਕੌਣ ਨੂੰ ਜੀ ਕਰਦਾ!..."

ਚਾਨਣ ਨੂੰ ਲੱਗਾ ਜਿਵੇਂ ਸੱਜਣ ਨਹੀਂ ਉਹ ਆਪ ਬੋਲ ਰਿਹਾ ਹੋਵੇ।

"ਫਾਕੀ ਤਾਂ ਦੂਜਿਆਂ ਨੂੰ ਵੀ ਲੱਗੀ ਐ। ਪਰ ਕਾਮਰੇਡ ਦੀ ਤਾਂ ਬੁਰੀ ਹਾਲਤ ਐ। ਵਿਚਾਰੇ ਨੂੰ ਲਹੂ ਦੀਆਂ ਉਲਟੀਆਂ ਆਈਆਂ...।"

ਸੱਜਣ ਨੇ ਦੱਸਿਆ ਤਾਂ ਚਾਨਣ ਦੇ ਮਨ ਵਿਚ ਦੁੱਖ ਅਤੇ ਗੁੱਸੇ ਦੀ ਇਕ ਚੀਸ ਗੁਜ਼ਰ ਗਈ। ਉਹ ਦੋਵੇਂ ਗੱਲਾਂ ਕਰਦੇ ਜੀਤੇ ਹੁਰਾਂ ਵੱਲ ਤੁਰ ਪਏ।

"ਤੂੰ ਜਾਣੇ ਤੇਰਾ ਵਾਹੁਗੁਰੂ...ਫਿਰ ਬਿਜਲੀ ਕਦੋਂ ਲਿਆਏਂਗਾ ?" ਸੱਜਣ ਜੀਤੇ ਨੂੰ ਸੰਬੋਧਨ ਹੁੰਦਾ ਖੰਭੇ ਦੀ ਤਾਰ ਨਾਲ ਖੋਤੀ ਬੰਨ੍ਹਣ ਲੱਗਾ।

ਜੀਤਾ ਤੰਗਲੀ ਗੱਡਕੇ ਸਿੱਧਾ ਤਣਕੇ ਖੜ੍ਹ ਗਿਆ ਤੇ ਉਹਨਾਂ ਦੀਆਂ ਅੱਖਾਂ 'ਚ ਅੱਖਾਂ ਪਾਕੇ ਕਹਿਣ ਲੱਗਾ, "ਇਹ ਬੜਾ ਕੁੜੀ ਦੇਣਾ ਈ ਵਾਹਗੁਰੂ...ਤੂੜੀ ਦਾਣੇ ਨ੍ਹੇਰੀ ਨਾਲ ਇਕ ਕਰ 'ਤੇ ਸੂ।" ਉਹਦੇ ਮੱਥੇ ਤੇ ਤਿਉੜੀਆਂ ਉੱਭਰ ਆਈਆਂ। ਬੁੱਲ੍ਹ ਚਿੱਥਦਾ ਉਹ ਫਿਰ ਹੁੰਗਾਰ ਪਿਆ..

"ਚਾਨਣਾ! ਮੇਰੇ ਸਾਹਮਣੇ ਹੋਵੇ ਰੱਬ ਤੇ ਫਿਰ ਉਹਨੂੰ ਬਣਾਵਾਂ ਬੰਦੇ ਦਾ ਪੁੱਤ। ਭਲਿਆ ਮਾਣਸਾ ਸਾਡਾ ਕੋਈ ਜੀਣ ਆਂ। ਕਈ ਦਿਨ ਹੋਏ ਈ ਅੜਿਆਂ ਨੂੰ ਬਿਜਲੀ ਨ੍ਹੀ ਅਉਂਦੀ। ਕਸਮ ਨਾਲ ਮੇਰਾ ਜੀ ਕਰਦਾ ਰੱਬ ਨੂੰ ਤੇ ਸਰਕਾਰ ਨੂੰ ਸਾਹਮਣੇ ਖਲ੍ਹਾਰ ਕੇ ਦੋਹਾਂ ਵਿਚੋਂ ਦੀ ਕੱਠੀ ਥਰੀ ਨਟ ਥਰੀ ਦੀ ਗੋਲੀ ਕੱਢਦਾਂ...ਮਖੌਲ ਬਣਾਇਆ ਪਿਆ ਕੰਜਰਾਂ... ਸਾਲਿਆਂ ਮੇਰਿਆਂ..."

ਸੱਜਣ ਚਾਦਰ ਵਿਛਾਕੇ ਤੂੜੀ ਪਾਉਣ ਲੱਗਾ। ਚਾਨਣ ਨੇ ਸਿਰ ਤੋਂ ਪੱਗ ਲਾਹਕੇ ਘੱਟਾ ਤੇ ਤੂੜੀ ਸਾਫ ਕਰਕੇ ਮੰਜੀ ਧਰੇਕ ਦੀ ਛਾਂਵੇਂ ਖਿੱਚ ਲਈ। ਜੀਤੇ ਦਾ ਚਾਚਾ ਹੌਲਦਾਰ ਨਾਜ਼ਰ ਸਿੰਘ ਸਵੇਰ ਦੀ ਬਚੀ ਹੋਈ ਰੋਟੀ ਪੋਣੇ ਪੱਲਿਉਂ ਖੋਲ੍ਹਕੇ ਖਾਣ ਲੱਗਾ ਤਾਂ ਉਹਦੇ ਪ੍ਰਸਿੱਧ ਸੂਮਪੁਣੇ ਨੂੰ ਮੁੱਖ ਰੱਖਦਿਆਂ ਚਾਨਣ ਨੇ ਜਾਣ ਬੁੱਝਕੇ ਗੱਲ ਛੇੜੀ, "ਚਾਚਾ!... ਪੈਨਸ਼ਨ ਲਿਆਉਂਦਾ ਹੁੰਦਾ ਏਂ ਤਾਂ ਕੁਝ ਖਾ ਪੀ ਲਿਆ ਕਰ। ਜਾਨ ਨਾਲ ਜਹਾਨ ਐ।"

"ਓ ਖਾਈਦਾ ਈ ਐ...ਓ ਖਾਈਦਾ ਈ ਐ..." ਹੌਲਦਾਰ ਨੂੰ ਪਤਾ ਸੀ ਕਿ ਮੈਨੂੰ ਮਖੌਲ ਛਿੜ ਪੈਣਾ ਹੈ, ਇਸੇ ਲਈ ਗੱਲ ਬਦਲਾਉਣ ਲੱਗਾ, "ਜੁਆਨ ਅੱਜ ਮੱਸਿਆ ਕਿ ਸੰਗਰਾਂਦ ਐ...ਅੱਡੇ ਤੇ ਬੜੀ ਭੀੜ ਜੀ ਸੀ ਸਵੇਰੇ।"

ਸੱਜਣ ਹੱਸਿਆ, "ਹੌਲਦਾਰ! ਤੂੰ 'ਚਾਰ ਚੂਪ ਤੈਨੂੰ ਮੱਸਿਆ ਸੰਗਰਾਂਦ ਨਾਲ ਕੀ ?"

ਉਹ ਸਾਰੇ ਖਿੜ ਖਿੜਾਕੇ ਹੱਸ ਪਏ। ਨੌਸ਼ਹਿਰੀਆਂ ਦੇ ਅੰਬਾਂ ਉਤੇ ਕੋਇਲ ਕੂਕੀ। ਕੋਇਲ ਤਾਂ ਸ਼ਾਇਦ ਸਵੇਰ ਦੀ ਬੋਲ ਰਹੀ ਸੀ-ਪਰ ਚਾਨਣ ਨੂੰ ਹੁਣ ਸੁਣੀ ਸੀ। ਠੰਢੀ ਹਵਾ ਦਾ ਇਕ ਬੁਲਾ ਜਿਹਾ ਆਇਆ। ਚਾਨਣ ਨੇ ਮਹਿਸੂਸ ਕੀਤਾ ਜਿਵੇਂ ਉਸਦੀਆਂ ਨਾੜਾਂ ਵਿਚ ਲਹੂ ਆਮ ਗਤੀ ਨਾਲ ਸਰਕਣ ਲੱਗਾ ਹੋਵੇ। ਸਿਰ ਤੋਂ ਜਿਵੇਂ ਪਲ ਦੀ ਪਲ ਭਾਰ ਲਾਂਭੇ ਹੋਇਆ ਹੋਵੇ।

ਬੰਬੀ ਦੀ ਨੁੱਕਰ 'ਤੇ ਲੱਗਾ ਬਲਬ ਇਕ ਮਿੰਟ ਜਗਿਆ ਤੇ ਫਿਰ ਬੁੱਝ ਗਿਆ।

"ਆ ਜਾਹ...ਆ...ਆ...ਜਾਹ ਕਰਮਾ ਆਲੀਏ...ਮੈ ਜਾਣਾ ਮੇਰਾ ਵਾਹੁਗੁਰੂ...ਮੈਂ ਤਾਂ ਧਰਮ ਨਾਲ ਮੱਸਿਆ'ਚ ਜੁਆਨੀ ਦੇ ਵਾਰੇ ਪਾਰੇ ਕਦੀ ਬਚਨੰਂ ਨੂੰ ਨ੍ਹੀਂ ਸੀ ਡੀਕਿਆ। ਹੁਣ ਜਿਵੇਂ ਬਿਜਲੀ ਨੂੰ "ਡੀਕੀਦਾ...।" ਜੀਤਾ ਤੰਗਲੀ ਪੈਂਦ ਵਲ ਟਿਕਾਉਂਦਾ ਚਾਨਣ ਕੋਲ ਆ ਬੈਠਾ। ਉਹਦੀ ਦੀ ਗੱਲ ਸੁਣਕੇ ਸਾਰੇ ਮੁਸਕਰਾ ਪਏ।

ਫੇਰ ਸਾਰੇ ਜਾਣੇ ਬੈਠਕੇ ਬਦਲਦੇ ਜਾ ਰਹੇ ਜ਼ਮਾਨੇ ਦੀਆਂ

ਮਹਿੰਗਾਈ ਦੀਆਂ, ਦਿਨ-ਬ-ਦਿਨ ਮੰਦੀ ਹੁੰਦੀ ਜਾ ਰਹੀ ਲੋਕਾਂ ਦੀ ਹਾਲਤ ਦੀਆਂ, ਬਿਜਲੀ ਦੀਆਂ, ਖਾਦ ਦੀਆਂ, ਖੰਡ ਦੀਆਂ, ਸੀਮਿੰਟ ਦੀਆਂ, ਨੌਜਵਾਨਾਂ ਦੀ ਜਥੇਬੰਦੀ ਦੀਆਂ ਗੱਲਾਂ ਕਰਨ ਲੱਗ ਪਏ ।

"ਮੈਂ ਆਹਨਾਂ ਇਹ ਸਾਰਾ ਕੁਝ ਬਦਲੂ ਕਿਵੇਂ ?" ਜੀਤੇ ਦਾ ਅੰਦਰ ਵੀ ਕਾਹਲਾ ਪਿਆ ਹੋਇਆ ਸੀ, ਮੈਂ ਜਾਣਾ ਮੇਰਾ ਵਾਹਗੁਰੂ...ਕੁੜੀ ਯਾਵੀ ਜਿੱਧਰ ਵੇਖੋ ਲੁੱਟ ਮੱਚੀ ਹੋਈ..."

ਹੌਲਦਾਰ ਨੇ ਖੰਘੂਰਾ ਮਾਰਕੇ ਗਲਾ ਸਾਫ ਕੀਤਾ । ਫਿਰ ਧੌਲੀਆਂ ਮੁੱਛਾਂ ਮੂੰਹ ਤੋਂ ਉਤਾਂਹ ਕਰਦਿਆਂ ਲੱਕੜ ਵਰਗੀਆਂ ਉਂਗਲਾਂ ਹਵਾ 'ਚ ਖਲਾਰ ਕੇ ਬੋਲਿਆ, "ਸਰਦਾਰ ਜੀ ਫੌਜ ਨੂੰ ਘੁਮਤ ਦੇ ਦਿਉ । ਜਿਹੜਾ ਇਲਤ ਬਿਲਤ ਕਰੇ ਟੀ ਕਰਕੇ ਕੱਢਦੇ ਢਿੱਡ 'ਚੋਂ...। ਫਿਰ ਵੇਖੀਂ...।"

"ਫੌਜੀਆਂ ਨੂੰ ਬੜੀ ਗੱਤ ਹੁੰਦੀ ਆ ! ਬੰਦੇ ਦੇ ਸਿਰ 'ਚੋਂ ਡਮਾਕ ਕੱਢ ਦੀਏ ਤਾਂ ਫੌਜੀ ਬਣਦਾ ।" ਸੱਜਣ ਨੇ ਵੱਟ ਤੇ ਬਹਿੰਦਿਆਂ ਹੌਲਦਾਰ ਨੂੰ ਚੋਟ ਕੀਤੀ । ਹੌਲਦਾਰ ਕੱਚਾ ਜਿਹਾ ਹੋ ਗਿਆ । ਉਹ ਸਾਰੇ ਮੁਸਕਰਾਉਣ ਲੱਗੇ ।

"ਏਹ ਤਾਂ ਲੋਕ ਈ ਐ...ਤਕੜੇ ਹੋ ਕੇ ਪੈ ਜਾਣ ਸਰਕਾਰ ਦੇ ਗਲ ਜੱਥੇਬੰਦ ਹੋ ਕੇ...ਫਿਰ ਈ ਗੱਲ ਬਣੂ ਕੁਛ ।"

ਚਾਨਣ ਦੀ ਗੱਲ ਸੁਣਕੇ ਹੌਲਦਾਰ ਮੋੜਵੇਂ ਹੱਲੇ ਤੇ ਉੱਤਰਿਆ, "ਸਰਕਾਰ ਦੇ ਗੱਲ ਪੈਣਾ ਸੌਖਾ ? ਅਗਲੇ ਕੁੱਟ ਕੁੱਟ...ਨੂੰਏਂ ਦੁੰਬੇ ਅਰਗੀ ਬਣਾ ਦੇਂਦੇ ।...ਔਹ ਵੇਖਿਆ ਈ ਨਾ...ਮੁਜ਼ਾਹਰਾ ਕਰਦੇ ਸੀ...ਔਹ ਮਾਈਂ...ਬੀਰੇ ਹੋਰੀਂ ਆਪ ਭੱਜੇ ਫਿਰਦੇ ਈ...ਹੁਣ ਲੋਕਾਂ ਦੇ ਤਰਲੇ ਕਰਦੇ ਅਖੇ ਸਾਡਾ ਸਾਥ ਦਿਉ ।...ਉਧਰ ਮੱਚੀ ਨੂੰ ਅਗਲਿਆਂ ਠਾਣੇ ਦੇ ਵਿਚਕਾਰ ਪੁੱਠਾ ਟੰਗਿਆ । ਓਦਣ ਜਲਸੇ 'ਚ ਬਾਹਵਾਂ ਟੂੰਗ ਟੂੰਗ ਬੋਲਦਾ ਸੀ...ਅਸੀਂ ਐਂ ਖਾਦਾਂ ਨ੍ਹੀਂ ਬਲੈਕ ਵਿਕਣ ਦੇਣੀਆਂ...ਐਂ ਅਸੀਂ 'ਕੱਠੇ ਹੋ ਕੇ ਲੋਟੂਆਂ ਨੂੰ ਨੱਥ ਪਾ ਲਾਂਗੇ ।..." ਉਹ ਇਕ ਮਿੰਟ ਲਈ ਰੁਕਿਆ ਤੇ ਮੂੰਹ ਵਿਚ ਭਰ ਆਈ ਝੱਗ ਅੰਦਰ ਲੰਘਾਕੇ ਫਿਰ ਬੋਲਣ ਲੱਗਾ । "ਖਾਦ ਵੇਚਣ ਆਲਿਆਂ ਹੁਣ ਕੋਲ ਬਹਿਕੇ ਮਾਂਜੀ ਲੁਹਾਈ ਆ ਕਿ ਨਹੀਂ ! ਭਾਊ ਲਾਲੇ ਦੀਆਂ ਵਜ਼ੀਰਾਂ ਨਾਲ ਹਰੀਆਂ ਚੁਗਦੀਆਂ...ਆਹ ਤੇ...ਮਜ਼ੀਰ ਉੱਠ ਕੇ ਸਰਕਾਰਾਂ ਬਦਲਣ ਤੁਰ ਪਈ ਉ...।"

ਹੌਲਦਾਰ ਦੀਆਂ ਗੱਲਾਂ ਸੁਣਕੇ ਚਾਨਣ ਦੇ ਸ਼ਾਂਤ ਹੁੰਦੇ ਜਾ ਰਹੇ ਮਨ ਵਿਚ ਫਿਰ ਹਿਲਜੁਲ ਹੋਣ ਲੱਗੀ । ਉਹਨੂੰ ਲੱਗਾ ਕੁਝ ਉਹਦੇ ਢਿੱਡ 'ਚੋਂ ਉੱਠਕੇ ਸਿਰ ਨੂੰ ਚੜਦਾ ਜਾਂਦਾ ਹੈ ।

"ਹੌਲਦਾਰ ! ਉਹ ਤਰਲੇ ਨ੍ਹੀਂ ਕਰਦੇ ਲੋਕਾਂ ਨੂੰ ਜਗਾਉਂਦੇ ਫਿਰਦੇ ਆ । ਪਈ ਉੱਠੋ ਆਪ ਅੱਗੇ ਲੱਗੋ...ਜਦੋਂ ਆਪ ਤੋਂ ਕੁਝ ਨਾ ਹੋਵੇ—ਦੂਜਿਆਂ ਨੂੰ ਮਜ਼ੂਰ ਹੀ ਆਖੀਦਾ...।"

ਚਾਨਣ ਦੇ ਹਿਰਖੇ ਬੋਲ ਸਨ । ਉਸਨੂੰ ਸੁਣਦਿਆਂ ਹੀ ਸੱਜਣ ਬੋਲ ਉਠਿਆ,..."ਹੌਲਦਾਰਾ ! ਮੁੰਡਿਆਂ ਨੇ ਜਦੋਂ ਇਸਤੋਂ ਪਹਿਲਾਂ ਪਿਛਲੇ ਦਿਨੀਂ ਤਸੀਲੇ ਮੁਜ਼ਾਹਰਾ ਕੀਤਾ ਸੀ ਲੋਕਾਂ ਨੂੰ ਤੇਲ ਤੇ ਖਾਦ ਦੇਣ ਲਈ...ਤੂੰ ਉਦੋਂ ਕਿੱਥੇ ਸੀ ?...ਤੇ ਉਦਣ ਕਿੱਥੇ ਸੀ...ਜਿੱਦਣ ਪੁਲਸ ਤੇਰੀ ਤੇ ਲਾਲੇ ਸਾਲੇ ਅੰਦਰ ਵੜਾਂ 'ਗੇ ਸੀ ?...ਹੈਂ ਅ...ਕੰਮ ਆਪਣਾ ਨ੍ਹੀ ਸੀ ਉਹ...?"

"ਮੈਂ ਨ੍ਹੀਂ ਤੇ ਤੂੰ ਕਿਥੇ ਸੈਂ ਉਏ ?" ਹੌਲਦਾਰ ਉਲਟਾ ਉਸਨੂੰ ਪਿਆ ।

"ਜੇ ਮੈਂ ਕਰਨ ਜੋਗਾ ਕੁਛ ਨ੍ਹੀਂ...ਤੇਰੇ ਅਗੂੰ ਉਹਨਾਂ ਨੂੰ ਮਾੜਾ ਤਾਂ ਨ੍ਹੀਂ ਆਂਹਦਾ...। ਤੇ ਲਾਲੇ ਤੇ ਸਰਕਾਰ ਨਾਲ ਹੇਜ ਤਾਂ ਨ੍ਹੀਂ ਜਗਾਉਂਦਾ...।"

"ਮੈਂ ਮਾਰਦਾ ਈ ਢੂਈ...ਲਾਲੇ ਦੀ ਨਾਲੇ ਸਰਕਾਰ ਦੀ..." ਹੌਲਦਾਰ ਤੈਸ਼ 'ਚ ਆ ਗਿਆ । ਸਰਕਾਰ ਨਾਲ ਹੇਜ ਜਗਾਉਣ ਵਾਲੀ ਗੱਲ ਉਸਨੂੰ ਗਾਲ੍ਹ ਵਾਂਗੂੰ ਲੜੀ ।

"ਓ ਲੜਦੇ ਕਿਉਂ ਓ ?" ਜੀਤੇ ਨੇ ਉਨ੍ਹਾਂ ਨੂੰ ਚੁੱਪ ਕਰਾਉਣਾ ਚਾਹਿਆ ਤੇ ਫਿਰ ਆਪਣੀ ਹੀ ਕਿਸਮ ਦੀ ਦਲੀਲ ਦਿੱਤੀ, "ਅਸਲ 'ਚ ਨਾ ਮੱਚੀ ਗਰੀਬ ਕਰਕੇ ਫੜ ਲਿਆ । ਫੜਦੇ ਖਾਂ ਕੋਈ ਜੱਟਾਂ ਦਾ ਮੁੰਡਾ...।"

ਚਾਨਣ ਉਸਦੀ ਗੱਲ ਸੁਣਕੇ ਅੰਦਰ ਹੀ ਅੰਦਰ ਰੋਇਆ ਵੀ ਤੇ ਹੱਸਿਆ ਵੀ । ਉਸ ਦੀਆਂ ਅੱਖਾਂ ਅੱਗੇ ਕਾਮਰੇਡ ਜਗਦੀਸ਼ ਪੁੱਠਾ ਟੰਗਿਆ ਫਿਰ ਰਿਹਾ ਸੀ । ਅੱਡੇ ਤੇ ਜੁੱਤੀਆਂ ਗੰਢਣ ਤੇ ਪਾਲਸ਼ ਕਰਦਾ ਕਾਮਰੇਡ ਸਾਰੀਆਂ ਪਾਰਟੀਆਂ ਲਈ ਵੋਟਾਂ ਮੰਗ ਹਟਿਆ ਸੀ । ਤੇ ਹੁਣ 'ਸਾਰੀਆਂ ਆਪਣੇ ਆਪਣੇ ਢਿੱਡ ਦੀਆਂ ਨੇ ਪਾਰਟੀਆਂ...' ਕਹਿੰਦਾ ਹੋਇਆ ਫਿਰ ਲੋਕਾਂ ਵਿਚ ਆ ਰਲਿਆ ਸੀ । ਕਹਿੰਦਾ ਸੀ : ਜਿੰਨ੍ਹਾਂ ਚਿਰ ਲੋਕ ਆਪੋ ਆਪਣੀਆਂ ਜੱਥੇਬੰਦੀਆਂ ਬਣਾਕੇ ਆਪਣੀਆਂ ਲੋੜਾਂ ਲਈ ਲੜਦੇ ਅੱਗੇ ਨਹੀਂ ਆਉਂਦੇ—ਗੱਲ ਨਹੀਂ ਬਣਨ ਲੱਗੀ । ਉਹ ਸਭਾ ਦੇ ਡਰਾਮਾ ਸੁਕਐਡ ਵਿਚ ਕੰਮ ਕਰਦਾ ਤੇ ਡਰਾਮੇ ਖੇਡਦਾ ਸਾਰੇ ਜ਼ਿਲ੍ਹੇ ਵਿਚ...। ਸਰਕਾਰ ਦੀਆਂ ਤੇ ਪੁਲਸ ਦੀਆਂ ਕਰਤੂਤਾਂ ਨੰਗੀਆਂ ਕਰਦਾ—ਭਰਿਆਂ ਜਲਸਿਆਂ ਵਿਚ ਸਟੇਜ ਤੇ ਖਲੋਕੇ... ਲਲਕਾਰ ਲਲਕਾਰ ਕੇ......

"ਗਰਮੀਤ ਵੀ ਤਾਂ ਜੱਟਾਂ ਦਾ ਮੁੰਡਾ ਸੀ...ਉਦੋਂ ਆਪਾਂ ਕੀ ਕਰ 'ਤਾ...?" ਚਾਨਣ ਦੀ ਇਸ ਗੱਲ ਦਾ ਜੀਤੇ ਕੋਲ ਕੋਈ ਜੁਆਬ ਨਹੀਂ ਸੀ । ਇਹ ਪ੍ਰਸ਼ਨ ਸੁਣਕੇ ਉਹ ਡੌਰ ਭੌਰਾ ਜਿਹਾ ਹੋ ਗਿਆ । ਸਾਰਿਆਂ ਦੀਆਂ ਨਜ਼ਰਾਂ ਅੱਗੇ ਗੁਰਮੀਤ ਦੀ ਗੋਲ੍ਹੀਆਂ ਨਾਲ ਵਿੰਨ੍ਹੀ ਲਾਸ਼ ਆ ਖਲੋਤੀ ਸੀ । ਸਭ ਦੇ ਅੰਦਰ ਡਰੇ ਹੋਏ ਸਨ । ਇਕ ਚੁੱਪ ਉਨ੍ਹਾਂ ਵਿਚ ਪਸਰ ਗਈ ਸੀ ।

ਚਾਚੀ ਹੌਲਦਾਰਨੀ ਨੇ ਆ ਕੇ ਉਨ੍ਹਾਂ ਨੂੰ ਮੁਸ਼ਕਲ ਵਿੱਚੋਂ ਕੱਢ ਲਿਆ । ਉਹ ਉਹਨਾਂ ਲਈ ਲੌਢੇ ਵੇਲੇ ਦੀ ਚਾਹ ਲੈ ਕੇ ਆਈ ਸੀ ।

ਹੌਲਦਾਰ ਪਿੱਤਲ ਦੇ ਗਲਾਸਾਂ ਵਿਚ ਚਾਹ ਪਾ ਕੇ ਉਹਨਾਂ ਨੂੰ ਫੜਾਉਂਦਾ ਕਹਿਣ ਲੱਗਾ, "ਜਿੰਨੀ ਹੈਸੀ ਵੰਡ ਵੰਡਾਕੇ ਛਕ ਲੈਨੇ ਆਂ...ਪਰ ਹੈ ਗੁੜ ਦੀ...ਖੰਡ ਪੀਤਿਆਂ ਅੱਜ ਕੱਲ੍ਹ ਬਸ ਝੱਟ ਲੰਘਦਾ ਕਿਤੇ...।"

ਉਹ ਘੁੱਟ ਘੁੱਟੀ ਚਾਹ ਪੀਣ ਲੱਗੇ । ਚਾਨਣ ਡੂੰਘੀਆਂ ਸੋਚੀਆਂ 'ਚ ਡੁੱਬਾ ਹੋਇਆ ਸੀ । ਉਸ ਦੀਆਂ ਅੱਖਾਂ ਅੱਗੇ ਕਦੀ ਗੁਰਮੀਤ ਦੀ ਲਾਸ਼ ਆਉਂਦੀ...ਕਦੀ ਜਗਦੀਸ਼ ਕੁੱਟ ਨਾਲ ਬੇਂਦਲਿਆ ਲਹੂ ਦੀਆਂ ਉਲਟੀਆਂ ਕਰਦਾ...ਤੇ ਲੋਕ ਵੇਖੀ ਜਾ ਰਹੇ ਸਨ ।

"ਟੁੱਟ ਪੈਣੀ ਬਿਜਲੀ ਨ੍ਹੀਂ ਆਉਂਦੀ...ਖੌਰੇ ਰਾਤ ਨੂੰ ਆਵੇ ਹੁਣ ਤਾਂ..." ਹੌਲਦਾਰਨੀ ਦੀ ਕੰਬਦੀ ਜਿਹੀ ਆਵਾਜ਼ ਨੇ ਉਹਨੂੰ ਚੇਤੰਨ ਕੀਤਾ।

"ਤਾਈ ! ਤੂੰ ਸੁਣਾ ਪਿੰਡ ਦੀ ਕੋਈ ?"

ਹੌਲਦਾਰਨੀ ਨੇ ਪੁੜ ਪੁੜੀਆਂ ਤੋਂ ਅੱਖਾਂ ਅੱਗੇ ਡਿੱਗਦੀ ਚਿੱਟੇ ਵਾਲਾਂ ਦੀ ਲਿਟ ਮੈਲੇ ਲੀੜੇ ਨਾਲ ਹੇਠਾਂ ਕੀਤੀ। ਫਿਰ ਗੱਲ੍ਹ ਤੇ ਖੁਣੇ ਹਰੇ ਦਾਣੇ ਕੋਲ ਉਂਗਲ ਰੱਖਦੀ ਬੁਲ੍ਹ ਸੰਵਾਰਕੇ ਬੋਲੀ, "ਵੇ ਪਿੰਡ ਦੀ ਕੀ ਸੁਣਾਉਣੀ ਆਂ... ਵਿਚਾਰੇ ਚਮਿਆਰ ਨੂੰ ਫੜਕੇ ਆਂਹਦੇ ਬੜਾ ਕੁੱਟਿਆ... ਹਾਹਾਕਾਰ ਮੱਚੀ ਹੋਈ ਪਿੰਡ 'ਚ ਪਿੰਡ ਦੇ ਲੋਕ ਗੁਰਦਵਾਰੇ ਕੱਠੇ ਹੋ ਰਹੇ ਸੁਣਿਆ—ਰਾਤ ਨੂੰ...ਮੁੰਡਿਆਂ ਨੂੰ ਛਡਾਉਣ ਲਈ ਆਂਹਦੇ 'ਲਾਕੇ ਦਾ ਕੱਠ ਕਰਨਾਂ..." ਤੇ ਉਹ ਥੋੜਾ ਸਰਕ ਕੇ ਹੋਰ ਅੱਗੇ ਹੋ ਗਈ, "...ਵੇ ਉਹਨੇ ਤਾਂ ਆਂਹਦੇ ਹੱਦ ਕਰ 'ਤੀ...ਕੀ ਉਹਨੂੰ ਆਂਹਦੇ ਈ...ਭਲਾ ਜਿਹਾ ਨਾਂ...ਜਿਹਨੂੰ ਕੁੱਟ ਪਈ ਊ...।" ਉਹਨਾਂ ਸਾਰਿਆਂ ਹੈਰਾਨੀ ਨਾਲ ਉਸ ਵੱਲ ਵੇਖਿਆ।

"ਆਂਹਦੇ ਪਹਿਲਾਂ ਤਾਂ ਕੁਟ ਨਾਲ ਵਿਚਾਰਾ ਬੇਸੁਰਤ ਹੋ ਗਿਆ। ਜਦੋਂ ਹੋਸ਼ ਆਈ ਤਾਂ ਠਾਣੇਦਾਰ ਤੋਂ ਵੱਡੇ ਅਫਸਰ ਨੇ ਉਹਨੂੰ ਕਿਸੇ ਦੂਜੇ ਮੁੰਡੇ ਨਾਲ ਆਪੋ ਵਿਚ ਕੰਨ ਫੜ ਕੇ ਬੈਠਕਾਂ ਕੱਢਣ ਲਈ ਕਿਹਾ ਤਾਂ ਕਾਮਰੇਟ ਆਂਹਦਾ, "ਇਹਦੇ ਤਾਂ ਮੈਂ ਕੰਨ੍ਹ ਨ੍ਹੀਂ ਫੜਨੇ...ਇਹ ਮੇਰਾ ਭਰਾ ਐ।...ਤੂੰ ਫੜਾ ਲਾ ਜਾ ਫੜਾਉਣੇ ਨੇ ਤਾਂ...ਤੇ ਜਾਂ ਹੈਸ ਲਾਲੇ ਵਰਗਿਆਂ ਦੇ ਫੜਾਂਗੇ ਜਦੋਂ ਮੌਕਾ ਬਣਿਆ...।" ਹੌਲਦਾਰਨੀ ਦੇ ਚਿਹਰੇ ਉੱਤੇ ਇਕ ਹੁਲਾਸ ਸੀ। ਗੱਲ ਕਰਦਿਆਂ ਜਿਵੇਂ ਉਹਦੀ ਹਿੱਕ ਮਾਣ ਨਾਲ ਫੁੱਲ ਰਹੀ ਹੋਵੇ।

"ਬੱਲੇ ! ਉਏ ਮਾਂ ਦਿਆ ਸ਼ੇਰਾ।" ਅਚਾਨਕ ਹੌਲਦਾਰ ਬੋਲ ਉਠਿਆ, "ਮਰਦ ਦਾ ਪੁਤ ਨਿਕਲਿਆ ਫੇਰ ਤਾਂ ਬਈ।"

ਉਹਨਾਂ ਚਾਹ ਪੀ ਲਈ ਸੀ। ਹੌਲਦਾਰਨੀ ਭਾਂਡੇ ਸਾਂਭ ਕੇ ਪਿੰਡ ਨੂੰ ਤੁਰ ਪਈ। ਸੱਜਣ ਨੂੰ ਵੀ ਉਹਨਾਂ ਤੂੜੀ ਲਦਾ ਦਿੱਤੀ। ਚਾਨਣ ਨੇ ਰਾਤ ਨੂੰ ਜੀਤੇ ਹੁਰਾਂ ਨਾਲ ਕਣਕ ਕਢਾਉਣੀ ਸੀ।

ਤੇ ਉਹ ਤਿੰਨੇ ਬੈਠਕੇ ਫੇਰ ਕਿੰਨਾ ਚਿਰ ਪੁਲਸ ਤਸ਼ੱਦਦ ਮੁਜ਼ਾਹਰੇ, ਜੱਟਾਂ ਦੇ ਜਥੇਬੰਦ ਹੋਣ ਦੀਆਂ ਗੱਲਾਂ ਕਰਦੇ ਰਹੇ। ਕਾਮਰੇਡ ਜਗਦੀਸ਼ ਦੀਆਂ ਗੱਲਾਂ—ਜਿਹੜਾ ਸਾਰੀਆਂ ਪਾਰਟੀਆਂ ਛੱਡ ਆਇਆ ਸੀ ਤੇ ਲੋਕਾਂ ਵਿਚ ਆ ਰਲਿਆ ਸੀ। ਸੁੱਕੀਆਂ ਹੜਬਾਂ...ਪਰ ਹਰੇ ਦਿਲ ਵਾਲਾ ਕਾਮਰੇਡ...

ਜੀਤਾ ਭਰੀਆਂ ਵਿਚ ਪਈ ਬੋਤਲ ਕੱਢ ਲਿਆਇਆ।

"ਆ ਛਿਟ ਛਿਟ ਪੀਏ...ਅਜੇ ਰਾਤ ਨੂੰ ਨੌਂ ਵਜੇ ਲਾਗੇ ਬਿਜਲੀ ਆਉਣੀ..."

ਉਹ ਤਿੰਨੇ ਪੀਣ ਲੱਗੇ। ਸੂਰਜ ਹੇਠਾਂ ਨੂੰ ਰੁਖਾਂ ਵਲ ਲੁਕਣ ਲਈ ਜਾਂਦਾ ਪਿਆ ਸੀ। ਗੱਲਾਂ ਦਾ ਵਿਸ਼ਾ ਉਹੋ ਸੀ। ਦੋ ਦੋ–ਤਿੰਨ ੨ ਪੈੱਗ ਪੀ ਕੇ ਉਹ ਸਰੂਰ ਵਿਚ ਆ ਗਏ ਸਨ। ਪਰ ਚਾਨਣ ਦੇ ਅੰਦਰ ਦੀ ਅਸ਼ਾਂਤੀ ਸ਼ਰਾਬ ਪੀਤਿਆਂ ਹੋਰ ਭੜਕ ਰਹੀ ਸੀ। ਉਹ ਕਹਿ ਰਿਹਾ ਸੀ, "...ਬੱਸ ਤਕੜੇ ਹੋ ਕੇ ਪਿਆਂ ਤੋਂ ਬਿਨਾਂ ਸੂਤ ਨਹੀਂ ਬੈਠਣਾ



...ਕੱਠੇ ਹੋਇਆਂ ਤੋਂ ਬਿਨਾਂ ਮਾਰੇ ਜਾਂਗੇ ਕੱਲ੍ਹੇ ਕੱਲ੍ਹੇ...ਕਿਸੇ ਵਾਤ ਨਹੀਂ ਪੁਛਣੀ..."

ਉਸ ਇਕ ਹਾੜਾ ਆਪ ਭਰਕੇ ਪੀਤਾ। ਸੋਚਣ ਲੱਗਾ... ਗੁਰਮੀਤ ਦੀ ਕਿਸ ਨੇ ਵਾਤ ਪੁਛੀ ਸੀ ?...ਉਹ ਗੁਰਮੀਤ ਦੀ ਲਾਸ਼ ਨਹੀਂ ਸੀ ਵੇਖਣਾ ਚਾਹੁੰਦਾ ਪਰ ਉਹ ਬਾਰ ਬਾਰ ਉਸ ਦੀਆਂ ਅੱਖਾਂ ਅੱਗੇ ਆ ਰਹੀ ਸੀ। ਉਸ ਘੁਟਕੇ ਅੱਖਾਂ ਮੀਚ ਲਈਆਂ। ਸ਼ਰਾਬੀ ਹੁੰਦਾ ਜਾ ਰਿਹਾ ਜੀਤਾ ਉਸਨੂੰ ਫੇਰ ਹਾੜਾ ਫੜਾਉਂਦਿਆਂ ਝੰਜੋੜਨ ਲੱਗਾ, "ਲੈ ਫੜ ਕੰਜਰਾ ਅੱਖਾਂ ਕਿਉਂ ਮੀਟੀ ਜਾਂਦਾ ਏਂ...ਜ਼ਿੰਦਾਬਾਦ... ਜ਼ਿੰਦਾਬਾਦ...ਕਰਾ ਦਾਂਗੇ ਕੇਰਾਂ...ਵੇਖੇਂਗਾ ਨਾ ਤੂੰ...।" ਉਹ ਨਸ਼ੇ ਵਿਚ ਸੀ, "...ਧੀ ਨੂੰ...ਏਸ ਗੋਰਮਿੰਟ ਦੀ ਨੂੰ...ਸਾਡੇ ਕਾਮਰੇਟ ਨੂੰ ਕੁਟਣ ਆਲੇ ਦੀ ਕੁੜੀ ਨੂੰ ਤੇ ਕਟਾਉਣ ਵਾਲੇ ਦੀ ਨੂੰ...ਓ...ਹਾਅ...ਅ...ਜ਼ਿੰਦਾਬਾਦ ! ...ਜ਼ਿੰਦਾਬਾਦ..." ਉਹ ਹਵਾ ਵਿਚ ਬਾਹਵਾਂ ਹੁਲਾਰੀ ਜਾ ਰਿਹਾ ਸੀ।

"ਸਾਡਾ ਕਾਮਰੇਟ..."

ਚਾਨਣ ਨੂੰ ਲੱਗਾ...ਜਿਵੇਂ ਲੋਕ ਵੇਖੀ ਹੀ ਨਹੀਂ ਜਾ ਰਹੇ ਉਨ੍ਹਾਂ ਦੀਆਂ ਅੱਖਾਂ ਵਿਚ ਲਹੂ ਵੀ ਉਤਰ ਰਿਹਾ ਹੈ ਉਹਨਾਂ ਦੇ ਡੌਲੇ ਵੀ ਫਰਕ ਰਹੇ ਹਨ।...ਤੇ ਫਿਰ...ਸੁਪਨੇ ਵਾਂਗ...ਪਿੰਡ ਦੇ ਗੁਰਦੁਆਰੇ ਵਿਚ ਲੋਕਾਂ ਦੇ ਇਕੱਠ ਵਿਚ ਚਾਚਾ ਹੌਲਦਾਰ ਪਹਿਲਾ ਬਾਹਵਾਂ ਮਾਰਦਾ ਮਾਰਦਾ ਕਾਮਰੇਡ ਜਗਦੀਸ਼ ਬਣ ਗਿਆ ਫਿਰ ਗੁਰਮੀਤ......ਦੂਜੇ ਛਿਣ ਗੁਰਦੁਆਰੇ ਦਾ ਬੋਹੜ ਠਾਣੇ ਦਾ ਪਿਪਲ ਬਣ ਗਿਆ ਸੀ

ਤੇ ਉਹ ਆਪਣੇ ਆਪ ਨੂੰ ਉਸ ਨਾਲ ਪੁਠਾ ਟੰਗਿਆ ਵੇਖ ਰਿਹਾ ਸੀ...ਲਹੂ ਦੀਆ ਉਲਟੀਆਂ ਕਰਦਾ...ਬੇ ਸੁਰਤ... ਉਹਨੂੰ ਝੁਣਝਣੀ ਜਿਹੀ ਆਈ। ਢਿੱਡ ਵਿਚ ਚੀਰ ਜਿਹਾ ਪਿਆ ਤੇ ਮੱਥੇ ਦੀਆਂ ਨਾੜਾਂ ਪੀੜ ਨਾਲ ਕੱਸੀਆਂ ਗਈਆਂ। ਉਸਨੂੰ ਜਾਪਿਆ ਜਿਵੇਂ ਉਹ ਹੁਣੇ ਟਾਹਲੀ ਵਾਂਗ ਟੁਟ ਜਾਵੇਗਾ.. ਕੱੜਕ...ਕੱੜਕ।

"ਜੀਤਿਆ! ਮੁੰਡਾ ਤਾਂ ਬਹਿ ਗਿਆ ਪਾਣੀ 'ਚ...ਛਿੱਟ ਹੋਰ ਪਾ।"

ਇਕ ਹਾੜਾ ਹੋਰ...ਤੇ ਉਹ ਪੂਰੇ ਨਸ਼ੇ ਵਿਚ ਸੀ। ਉਸ ਦਾ ਅੰਦਰ ਮੂੰਹੋਂ ਮੂੰਹ ਭਰਿਆ ਹੋਇਆ ਸੀ। ਇਕ ਦਮ ਫੱਟਣ ਨੂੰ ਕਾਹਲਾ ਉਸਨੂੰ ਲੱਗਾ ਜਿਵੇਂ ਉਸਦੇ ਅੰਦਰ ਗਰਦ ਜਿਹੀ ਉਡ ਰਹੀ ਹੋਵੇ। ਦਿਮਾਗ ਤੇ ਗੁਬਾਰ ਜਿਹਾ ਛਾ ਰਿਹਾ ਹੋਵੇ...ਤੇ ਫਿਰ ਗੂੜ੍ਹੀ ਕਾਲੀ ਹਨੇਰੀ ਚੜ੍ਹੀ ਆ ਰਹੀ ਹੋਵੇ। ਰੁੱਖ ਬੂਟੇ ਪੁੱਟਦੀ...ਥਾਂ...ਥਾਂ ਸੂਕਦੀ...ਮਰੇ ਹੋਏ ਤੋਤੇ...ਤੇ ਲਹੂ ਲਿਬੜੀਆਂ ਚਿੜੀਆਂ ਉਸ ਦੀਆਂ ਅੱਖਾਂ ਸਾਹਮਣੇ ਖਿਲਰੀਆਂ ਪਈਆਂ ਸਨ......ਖਿਲਰੇ ਖੰਭ... ਬੋਟੀਆਂ ਬੋਟੀਆਂ।

ਉਸਨੇ ਨਸ਼ੇ ਨਾਲ ਮਿਚਦੀਆਂ ਜਾਂਦੀਆਂ ਅੱਖਾਂ ਨੂੰ ਜ਼ੋਰ ਪਾ ਕੇ ਖੋਲ੍ਹਿਆ ਤੇ ਆਪਣੀਆਂ ਖਿਲਰੀਆਂ ਭਰੀਆਂ ਵੱਲ ਨਜ਼ਰ ਮਾਰੀ। ਫਿਰ ਪਤਾ ਨਹੀਂ ਉਸਦੇ ਅੰਦਰ ਕੀ ਉਬਾਲ ਉਠਿਆ ਉਹਦਾ ਜੀ ਕੀਤਾ ਉੱਚੀ ਸਾਰੀ ਚੀਕੇ...ਚਾਂਗਰਾਂ ਮਾਰੇ 'ਦਬੂਰੂ...ਰੂ...ਰ...ਰ...ਅ...ਹ......ਉਏ! ਮੈਂ ਖਿਲਰ ਚੱਲਿਆ ਜੇ...ਨ੍ਹੇਰੀ 'ਚ...ਜੀਤਿਆ...ਮੈਨੂੰ ਬੰਨ੍ਹ ਲਓ...ਭਰਾਓ...ਕਾਮਰੇਡਾ...ਹਾਅ।'

ਪਰ ਉਹ ਆਪਣੇ ਆਪ ਤੇ ਕਾਬੂ ਪਾ ਗਿਆ। ਉਸਨੇ ਮੂੰਹ ਵਿਚ ਭਰ ਆਇਆ ਥੁੱਕ ਅੰਦਰ ਲੰਘਾਇਆ ਜਿਵੇਂ ਭਾਫ਼ ਨਾਲ ਬੁੜਕ ਬੁੜਕ ਪੈਂਦੇ ਢੱਕਣ ਉੱਤੇ ਥੋੜਾ ਜਿਹਾ ਭਾਰ ਰੱਖਿਆ ਹੋਵੇ "ਚਾਚਾ..."ਉਸ ਹੌਲਦਾਰ ਵੱਲ ਵੇਖਿਆ ਤੇ ਫਿਰ ਚੁੱਪ ਕਰ ਗਿਆ। ਜੀਤੇ ਨੇ ਫਿਰ ਉੱਚੀ ਸਾਰੀ ਚਾਂਗਰ ਮਾਰੀ, "ਕੀ ਆਂਹਨਾਂ...ਹਾਅ...ਆ....... ਬਹਿਜਾ...ਬਹਿਜਾ...ਹੋ ਜੂ ਜੱਟੀਏ...ਜਦੋਂ ਤੇਰਿਆਂ ਪੁੱਤਾਂ ਦੇ ਵੱਜੀਆਂ।"

ਚਾਨਣ ਨੇ ਅਪਣਾ ਸਿਰ ਝੰਜੋੜਿਆ ਤੇ ਫਿਰ ਪਲਕਾਂ ਜ਼ੋਰ ਪਾ ਕੇ ਖੋਲ੍ਹੀਆਂ ਜੀਤੇ ਨੂੰ ਡੌਲ੍ਹੇ ਤੋਂ ਫੜ ਕੇ ਹਲੂਣਿਆਂ, ਐਵੇਂ ਕਮਲ ਨਾ ਮਾਰ...ਚਾਚਾ" ਉਹ ਫਿਰ ਹੌਲਦਾਰ ਨੂੰ ਮੁਖ਼ਾਤਬ ਹੋਇਆ।

"ਆਪਾਂ ਪਿੰਡ ਨੂੰ ਚਲਣਾ ਗੁਰਦੁਆਰੇ...ਹੁਣੇ ਹੀ..." ਉਹ ਮੰਜੀ ਹੇਠੋਂ ਪੈਰਾਂ ਨਾਲ ਜੁੱਤੀ ਟਟੋਲਣ ਲੱਗਾ।


ਭਾਰਤੀ ਆਰਟ ਜਿਊਲਰਜ਼

ORIENTAL SILVER AND GOLD JEWELRY REPAIRING



NEW STORE

9.00 A.M. TO 6.30 P.M.

BHARTI ART JEWELLERS

*Specialist in East Indian Jewelry Craftware*

RASIK PAREKH
RES: 879-5610
STORE 874-9448

865 KINGSWAY NEAR FRASER
VANCOUVER B.C. CANADA
V5V 3C2

WE ALSO TAKE ORDERS FOR
MARRIAGE PARTY PHOTOS & GROUP PHOTOS



B. R. CONTRACTORS
for
ELECTRICAL WIRING
IN

NEW HOUSES (RESIDENTIAL, COMMERCIAL & DOMESTIC)
INSTALLATION AND REPAIRS OF WASHERS, DRYERS AND STOVES

FRAMING

FOR CUSTOM HOMES (COMMERCIAL, RESIDENTIAL AND INDUSTRIAL) plus RENOVATIONS

ALL TYPES OF

BACK HOE SERVICE

DIGGING, TRENCHING, SEWERS, BACK FILLING ETC.



550—Rubber wheeled backhoe

CONTACT:
TARLOCHAN BAINS

1363—E. 12th Avenue,
Vancouver, B.C.

Business: 879-2062

Mobile phone: JR2-8454 (via operator)





Canada
Permanent
Trust

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ
ਜਾਂ ਵੇਚਣ ਸਮੇਂ:

ਨਾਇਬ ਬਰਾੜ

ਨੂੰ ਫੋਨ ਕਰੋ ਜੋ ਪਿਛਲੇ ਦੋ
ਸਾਲਾਂ ਤੋਂ (PORT ALBERNI)
VANCOUVER ISLAND ਤੇ
ਕਾਮਯਾਬ ਸੇਲਜ਼ਮੈਨ ਰਹੇ ਹਨ

Real Estate Division
1071-C Austin Road
Coquitlam, B.C. V3K 3P2

BUS.: 939-6411
RES.: 524-5276

# Congratulations & Best Wishes to THE WATNO DUR

ON COMPLETION OF ② YEARS

FROM



ਅਜਾਇਬ ਜੰਡਾ

## AJAIB S JANDA

Top salesman in Cambie office and member of the Diamond Club.

of

**BB BLOCK BROS. REALTY LTD.**

OFF. 321-6881
RES. 434-4660
434-2393

# AWAN'S TEXACO SERVICE

REGD. AWAN MOTORS LTD.

WE UNDERSTAND THE MECHANICS OF CARS & HOW TO SERVICE THEM. SEE US FOR: BATTERIES; OIL CHANGE; RINGS; VALVES; GENERAL AUTO REPAIRS.

1st Avenue at Nanaimo
Vancouver, B.C. V5L 4V1

## PHONE: 254-8818

ANWAR AWAN
MAHMOOD AWAN

*now self- service*

# ਕੋਠੇ ਚੜ੍ਹਕੇ ਵੇਖਿਆ

ਸੁਖਵੰਤ ਕੌਰ ਮਾਨ



"ਬਚਨੀਏਂ, ਬਹੁਕਰ ਫੇਰਣ ਆਈ ਏਂ ?"

"ਹੋਰ ਬੀਬੀ, ਅੱਗੇ 'ਵੇਰ ਹੋ ਗਈ ਏ, ਉਹਦੀ ਰੋਟੀ ਲੈਕੇ ਖੂਹ ਤੇ ਵੀ ਅੱਪੜਨਾ ਵੇਂ ।"

"ਕੁੜੀ ਨਹੀਉਂ ਆਈ ?"

"ਉਹ ਮੜੌਲੀ ਵਾਲਿਆਂ ਵੱਲ ਗਈ ਏ, ਤਈਨੂੰ ਪਤਾ ਏ ਬੀਬੀ ਕੰਮ ਬਾਹਲਾ ਏ ।"

"ਵੱਡੀ ਕੁੜੀ ਸਕੂਲ ਗਈ ਹੋਣੀ ਆਂ ?

"ਆਹਨੀਂ ਆਂ ਚਾਰ ਅੱਖਰ ਪੜ੍ਹ ਜਾਏ, ਚਿੱਠੀ ਉਠਾਲਣ ਜੋਗੀ ਹੋ ਜਾਏ, ਇਹੋ ਤਰਲਾ ਮਾਰੀਦਾ ਏ...।"

"ਛੋਟੀ ਨੂੰ ਕਿਉਂ ਹਟਾਇਆ ?"

"ਬੀਬੀ ਸੱਚੀ ਗੱਲ ਆ, ਕੰਮ ਨਹੀਂ ਸੀ ਤੁਰਦਾ (ਉਹ ਉਠ ਕੇ ਵਿਚਾਰਾ ਜਿਹਾ ਮੂੰਹ ਬਣਾਈ ਖਲੋ ਜਾਂਦੀ ਹੈ) ਬੀਬੀ ਤਰਲਾ ਤੇ ਇਹਦੇ ਲਈ ਵੀ ਬੜਾ ਮਾਰਿਆ ਸਈ, ਦੂਜੇ ਤੋਰੀਂ ਜਾਂਦੀ ਵੀ ਰਹੀ ਆ...ਹੁਣ ਆਪਣੀ ਅਣਸਰਦੀ ਆ...।"

"ਲਾਏ ਅਹੁ ਲਗੀ ਆਉਂਦੀ ਆ ਚੁੜੇਲ...ਦੱਸ ਮੈਂ ਕੀ ਕਰਾਂ ? ਕੋਈ ਕਿੱਥੇ ਕਿੱਥੇ ਫਾਹੇ ਲੱਗਾਂ ? ...ਧੀ ਪੁੱਤ ਨੂੰ ਆਪ ਈ ਮੱਤ ਚਾਹੀਦੀ ਆ...ਹੁਣ ਐਡੀ ਵੜੀ ਕੁੱਟ ਖਾਂਦੀ ਚੰਗੀ ਲੱਗਦੀ ਆ...?" "ਕਿਉਂ ਕਰ ਆਈ ਏਂ ਕੂੜਾ ?" ਨੇੜੇ ਆਉਂਦੀ ਕੁੜੀ ਤੋਂ ਉਹ ਪੁੱਛਦੀ ਹੈ ।

ਭੈੜਾ ਜਿਹਾ ਮੂੰਹ ਬਣਾਈ ਕੁੜੀ ਓਥੇ ਹੀ ਖਲੋ ਜਾਂਦੀ ਹੈ।

"ਆ ਖਾਂ ਹਈਧਰ, ਲਈਨੀਂ ਆਂ ਮੈਂ ਤੇਰੀ ਖ਼ਬਰ, ਨਿਖ਼ਸਮੀਏਂ ਛੰਡਾਰੇ...।" ਸੋਟੀ ਚੁੱਕ ਬਚਨੀ ਕੁੜੀ ਨੂੰ ਦੇਬੜ੍ਹ ਦੇਬੜ੍ਹ ਕੁੱਟ ਧਰਦੀ ਹੈ । ਕੁੜੀ ਡਰਦੀ ਪਿਛਾਂਹ ਪਿਛਾਂਹ ਹਟ ਰਹੀ ਹੈ, ਚੀਕ ਰਹੀ ਹੈ, ਕੁਰਲਾ ਰਹੀ ਹੈ...।

ਸਾਡੇ ਘਰ ਦੇ ਬੱਚੇ ਵਿਚਾਰਾ ਜਿਹਾ ਮੂੰਹ ਬਣਾਈ ਕੋਲ ਖਲੋਤੇ ਸਹਿਮ ਜਿਹੇ ਗਏ ਹਨ ।

ਮੈਂ ਉੱਠ ਕੇ ਕੁੜੀ ਨੂੰ ਮਾਂ ਹੱਥੋਂ ਛੁਡਾਂਦੀ ਹਾਂ । ਮਾਂ ਦਾ ਰੰਗ ਕ੍ਰੋਧ ਨਾਲ ਹੋਰ ਵੀ ਕਾਲਾ ਪੈ ਗਿਆ ਹੈ ।

ਨੰਗੇ ਪੈਰ, ਗੋਹੇ ਨਾਲ ਲਿੱਬੜੇ ਹੱਥ ਤੇ ਪਾਟੇ ਲੀੜਿਆਂ ਵਾਲੀ ਉਹ ਕੁੜੀ ਕੰਧ ਨਾਲ ਲੱਗੀ ਬੁਸਕ ਰਹੀ ਹੈ ।

"ਬਚਨੀਏਂ ਮਾੜਾ ਕੀਤਾ ਤੂੰ ।"

"ਬੀਬੀ ਮੈਂ ਤਾਂ ਇਹਦੇ ਸੀਰਮੇ ਪੀ ਜਾਵਾਂਗੀ, ਚੱਲ ਲਏ ਘਰ ਕੇਰਾਂ, ਇਹਦੇ ਭਾਊ ਤੋਂ ਇਹਦੀਆਂ ਹੱਡੀਆਂ ਤੁੜਵਾਊਂ।" ਆਹਣੀਂ ਆਂ ਮਾਵਾਂ ਧੀਆਂ ਰਲ ਕੇ ਚਾਰ ਘਰ ਸਾਂਭ ਲਈਏ, ਕੋਈ ਲੀੜੇ ਕਪੜੇ ਈ ਬਣ ਜਾਣਗੇ...ਉਤੋਂ ਸਿਆਲ ਮਾਹ ਏਂ, ਤਈਨੂੰ ਪਤਾ ਏ ਬੀਬੀ ਜੁੱਤੀ ਕਪੜੇ ਬਗੈਰ ਸਰਦਾ ਨਹੀ...।"

"ਮਾਜ੍ਹਾ ਨਹੀਂ ਕਪੜੇ ਸੁਆ ਕੇ ਦੇਂਦਾ ਤੈਨੂੰ ?"

"ਬੀਬੀ ਓਸ ਸਾਥੋਂ ਕੁਝ ਛੁਪਾਇਆ ਤੇ ਨਹੀਂ ਹੋਇਆ ਕਰਮਾਂ ਵਾਲੇ ।"

"ਗੋਹੇ ਦੀ ਆਮ੍ਦਨ ਵੱਖਰੀ ਵਰਤਣੀ ਏਂ ?"

"ਲਾਏ, ਨੰਗੀ ਨਾਹੁਣਾ ਕੀ ਤੇ ਨਚੋੜਣਾ ਕੀ...ਘਰ ਤਈਨੂੰ ਪਤਾ ਏ ਭੱਠੇ ਹੂੰਚੇ ਆ ਉਤੋਂ ਮਗ੍ਰਿਆਈ, ਤਈਨੂੰ ਪਤਾ ਏ ਲੱਕ ਪਈ ਤੋੜ ਦੀ ਆ.. ।"

"ਹਾਅ ਵੇਖ ਗੋਡੇ ਤੋਂ ਪਾਟ ਗਈ ਆ ਸੜ ਜਾਣੀ, ਐਂਤਰਾ ਰੰਗ ਕਿੰਨਾ ਸੁਹਣਾ ਵੇ ਹਾਲੀ ਵੀ...।" ਮਾਂਜਾ ਹੱਥ 'ਚ ਲਈ ਉਹ ਮੇਰੇ ਕੋਲ ਆ ਬੈਠੀ ਹੈ।

"ਬੀਬੀ ਹਾਅ ਗਲੇ ਵਾਲਾ ਸੂਟ ਹੁਣ ਮਈਨੂੰ ਦੇ ਦੇ ਖਾਂ, ਤਈਨੂੰ ਨਹੀਂ ਹੁਣ ਇਹ ਚੰਗਾ ਲਗਦਾ...ਮੈਂ ਪਾਊਂ, ਤਈਨੂੰ, ਸੀਸਾਂ ਦਊਂ...।" ਡਾਢਾ ਵਿਚਾਰਾ ਜਿਹਾ ਮੂੰਹ ਬਣਾਈ ਮੇਰੇ ਗੋਡੇ ਮੂੰਢ ਬੈਠੀ ਉਹ ਲਿਲ੍ਹਕੜੀਆਂ ਕੱਢ ਰਹੀ ਹੈ...।

"ਕਿਤੇ ਮਾਜ੍ਹੇ ਦਾ ਗੁਸਾ ਤਾਂ ਨਹੀਂ ਕੱਢਿਆ ਕੁੜੀ ਤੇ ?" ਗੱਲ ਪਰਤਾਣ ਲਈ ਮੈਂ ਕਹਿੰਦੀ ਹਾਂ।

"ਬੀਬੀ ਉਨ ਵੀ ਬਥੇਰੀਆਂ ਕੀਤੀਆਂ ਹੋਈਆਂ ਮੇਰੇ ਨਾਲ, ਅਖੇ ਤੂ ਫਲਾਣੇ ਸਰਦਾਰ ਨਾਲ ਭੇੜੀ ਏਂ। ਫਲਾਣੇ ਨਾਲ ਭੇੜੀ ਏਂ...। ਬੀਬੀ ਖ਼ਲਾਸੀਓ ਨਾ ਕਰਿਆ ਕਰੇ, ਜਦੋਂ ਵੇਖੋ ਛਿੱਤਰ ਪੌਲਾ, ਗਾਲੋਂ ਗਾਲੀ। ਇਕ ਦਿਨ ਮੈਂ ਬਹਾਲ ਲਿਆ...। ਵੇਖ ਮੈਂ ਉਂ ਬਦਮਾਸ਼, ਮੈਂ ਉਂ ਸਾਰੇ ਪਿੰਡ ਨਾਲ ਰਲੀ ਹੋਈ, ਰੱਖਣਾ ਈ ਰੱਖ, ਨਹੀਂ ਰੱਖਣਾ ਨਹੀਂ ਰੱਖ...ਬੀਬੀ ਉਹ ਦਿਨ ਗਏ ਆਹ ਦਿਨ ਆਏ, ਮੁੜ ਨਹੀਉਂ ਬਿਰਕਿਆ ਮੇਰੇ ਅੱਗੇ...ਮਖੇ ਤੇਰੀ ਦਾਦੀ ਦਾੜ੍ਹੀ ਹੱਗਿਆ ਕੁੱਤਿਆ ਚੂੜ੍ਹਿਆ, ਟੋਕਰੇ ਗੋਹੇ ਦੇ ਚੁੱਕ ਚੁੱਕ ਮੇਰਾ ਸਿਰ ਨੀਵਾਂ ਹੋ ਗਿਆ ਏ... ਖਾਵਾਂ ਮੈਂ ਆਪਣਾ, ਹੰਢਾਵਾਂ ਮੈਂ ਆਪਣਾ, ਤੂੰ ਕੌਣ ਹੁੰਨਾ ਏਂ ਮਈਨੂੰ ਹੱਥ ਲਾਣ ਵਾਲਾ...।"

ਠੰਡੀ ਸੀਤ ਹਵਾ ਚੱਲ ਰਹੀ ਹੈ, ਕੰਲੇ ਨਾਲ ਲੱਗੀ ਕੁੜੀ ਹਾਲੀਂ ਵੀ ਹੁਬ੍ਹਕੀਆਂ ਭਰ ਰਹੀ ਹੈ, ਕੰਬ ਰਹੀ ਹੈ...।

"ਤੈਨੂੰ ਲੈ ਦਊਂ ਸਲੀਪਰ ਕਾਲੇ, ਭਾਵੇਂ ਮੇਰੀ ਮਹਿੰ ਵਿਕ ਜਾਏ।" ਬਚਨੀ ਦੇ ਬੂਹਾ ਉਲੰਘਦਿਆਂ ਹੀ ਸ੍ਰ: ਮਹਿੰਦਰ ਸਿੰਘ ਦਾ ਵੱਡਾ ਮੁੰਡਾ ਗਲੀ 'ਚ ਉਹਤੇ ਕੋਲੋਂ ਦੀ ਗਾਉਂਦਾ ਲੰਘ ਗਿਆ ਹੈ।

* * * *

"ਤਾਂ ਹਾਲੀ ਕੰਮ ਨਹੀਂ ਮੁੱਕਿਆ ਮੇਰੀ ਭੈਣ ਦਾ।" ਸਿਰ 'ਤੇ ਗੋਹੇ ਦਾ ਟੋਕਰਾ ਚੁੱਕੀ ਰੂੜੀ ਵੱਲ ਆਉਂਦੀ ਭੈਣ ਪ੍ਰਕਾਸ਼ ਨੂੰ ਮੈਂ ਕਿਹਾ।

"ਕੰਮ ਮੁੱਕਦੇ ਜੇ ਪੰਏ, ਆਹ ਛੱਡੋ ਆਹ ਕਰੋ, ਸਵੇਰੇ ਉੱਠ ਦਿਆਂ ਹੀ ਅੰਞਾਣਿਆਂ ਨੇ ਸਕੂਲ ਜਾਣਾ ਹੁੰਦਾ ਜੇ, ਬੱਸ ਰੋਟੀਆਂ ਪਕਾਓ, ਅੰਞਾਣਿਆ ਦੇ ਗੁਤਾਂ ਜੂੜੇ ਕਰੋ, ਆਹ ਵੇਲਾ ਆ ਜਾਂਦਾ ਜੇ...।"

"ਹੱਛਾ ਹੁਣ ਅੰਦਰ ਤੇ ਆਓ।"

"ਲਓ ਬੱਸ ਆਈ ਜੇ, ਆਹ ਦੋ ਟੋਕਰੇ ਸੁੱਟ ਲਵਾਂ ਤੁਸੀਂ ਚੱਲੋ ਅੰਦਰ, ਭਿੰਦਰ ਘਰੇ ਈ ਜੇ...।"

ਨੰਗੇ ਪੈਰੀਂ, ਪਾਟੀਆਂ ਹੋਈਆਂ ਅੱਡੀਆਂ, ਪਾਟੀ ਪਤਲੀ ਜਿਹੀ ਸਵੈਟਰ ਪਾਈ, ਪਤਲਾ ਜਿਹਾ ਪੋਮਚਾ ਸਿਰ 'ਤੇ ਲਈ, ਟੋਕਰਾ ਹੱਥ 'ਚ ਫੜੀ ਉਹ ਫੇਰ ਕੂੜ੍ਹ 'ਚ ਵੜ ਗਈ ਹੈ।

ਚੌਂਕੇ 'ਚ ਬੈਠੀ ਰੁੱਸੀ ਜਿਹੀ ਭਿੰਦਰ, ਮਰੀ ਜਿਹੀ ਆਵਾਜ਼ 'ਚ ਸਤਿ ਸ੍ਰੀ ਅਕਾਲ ਕਹਿ ਅੰਦਰੋਂ ਮੰਜੀ ਲੈਣ ਚਲੀ ਗਈ ਹੈ।

"ਐਂਤਰਿਆਂ ਕੱਪੜਿਆਂ ਚੋਂ ਵੀ ਮੁਸ਼ਕ ਨਹੀਂ ਜੇ ਜਾਂਦੀ ਗੋਹੇ ਦੀ। ਪਾਲ੍ਹਾ ਵੀ ਕਿੰਨਾ ਹੋ ਗਿਆ ਜੇ...।" ਨਲਕੇ ਤੋਂ ਹੱਥ ਧੋ ਕੇ ਮੇਰੇ ਕੋਲ ਆ ਕੇ ਬੈਠਦੀ ਹੋਈ ਉਹ ਕਹਿ ਰਹੀ ਹੈ। ਉਹਦੀਆਂ ਉਂਗਲੀਆਂ ਦੇ ਪੋਟੇ ਠੰਡ ਨਾਲ ਚਿੱਟੇ ਹੋਏ ਪਏ ਹਨ।

"ਚਾਹ ਕਰ ਭਿੰਦਰ ਇਹਨਾਂ ਲਈ।"

"ਬਦਨੀ ਕਿਉਂ ਨਹੀਂ ਲਾ ਲੈਂਦੇ ਤੁਸੀਂ ?"

"ਤੁਹਾਡੇ ਭਾਅ ਜੀਆਂ ਤਾਂ ਸਗੋਂ ਮਈਨੂੰ ਕਈ ਵਾਰ ਆਖਿਆ ਏ...ਵੇਖੋ ਭੈਣ ਜੀ, ਇਹ ਚੂੜ੍ਹੀਆਂ ਅੱਜ ਕੱਲ ਦੀਆਂ ਕੰਮ ਨਹੀਂ ਜੇ ਕਰਦੀਆਂ ਸੁਆਰਕੇ...।" ਮਨ ਹੀ ਮਨ 'ਚ ਮੈਂ ਹੱਸਦੀ ਹਾਂ।

"ਭਿੰਦਰ ਸਕੂਲ ਨਹੀਂ ਗਈ ਤੂੰ।"

"ਇਹ ਦੀ ਮਰਜ਼ੀ, ਮੈਂ ਤੇ ਤਰਲੇ ਕਰ ਗਈਆਂ, ਪਈ ਨੇਰ੍ਹ ਤੇ ਨਹੀਂ ਆ ਚੱਲਿਆ,...ਵੇਖੋ ਭੈਣ ਜੀ ਅੱਜ ਕੱਲ੍ਹ ਕਿਤਾਬਾਂ ਕਾਪੀਆਂ ਈ ਨਹੀਂ ਮਾਨ, ਅੱਗੇ ਨਹੀਂ ਸਾ ਜੇ ਜਾਪਦਾ ਹੁੰਦਾ ਹੈ, ਵੱਡੀ ਮੈਂ ਸੁਖ ਨਾਲ ਪੜ੍ਹਾਈਏ ਏ ਨਾਂ, ਉਹਨੇ ਉਂਜ ਦੁੱਖ ਨਹੀਂ ਸਾ ਜੇ ਦਿੱਤਾ ਇਹ ਦੇ ਵਾਂਗ...।"

ਪਤਲੀ ਜਿਹੀ ਚਾਹ ਦਾ ਇਕ ਇਕ ਕੱਪ ਭਿੰਦਰ ਸਾਡੇ ਅੱਗੇ ਰੱਖ ਗਈ ਹੈ।

"ਭਿੰਦਰ ਨੂੰ ਕੀ ਏ ?" ਉਹ ਦਾ ਰੋਣ ਹਾਕਾ ਜਿਹਾ ਮੂੰਹ ਬਣਿਆਂ ਵੇਖ ਮੈਂ ਪੁੱਛਦੀ ਹਾਂ।

"ਭੈਣ ਜੀ ਪੁੱਛੋ ਨਾ, ਮੈਂ ਤੇ ਏਸ ਔਲਾਦ ਹੱਥੀਂ ਡਾਢੀ ਦੁਖੀ ਜੇ, ਕੀੜੇ ਜੇ ਨਿਰੇ ਕੀੜੇ, ਹਰ ਵੇਲੇ ਵੱਢ ਵੱਢ ਖਾਂਦੇ... ਹੁਣ ਇਹਦੇ ਵੱਲ ਈ ਵੇਖੋ ਆਂਹਦੀ ਏ ਜਿੰਨਾਂ ਚਿਰ...ਨਵਾਂ ਜੋੜਾ ਨਾ ਹੋਵੇ ਮੈਂ ਨਹੀਂ ਜਾਣਾ...ਦੱਸੋ ਭੈਣ ਜੀ, ਇਹਨੂੰ ਘਰ ਦੀ ਹਾਲਤ ਦਾ ਪਤਾ ਨਹੀਂ ? .. ਚਾਰ ਤੇ ਸਾਰੀਆਂ ਭੂੰਗੇ ਚੂ ਪੋਲੀਆਂ ਨੇ, ਸੂਟ ਬੂਟ ਕਿੱਥੋਂ ਪੂਰੇ ਹੋਣ, ਹੁਣ ਤੁਹਾਡੇ ਅੱਗੇ ਕੀ ਲੁਕਾਅ ਏ ਖ਼ਾਦ ਵੀ ਨਹੀਂ ਜੇ ਪਈ ਪੈਲੀਆਂ 'ਚ...।"

ਚੌਂਕੇ ਦੀ ਕੰਧ ਨਾਲ ਲੱਗੀ ਕੁੜੀ ਦੀਆਂ ਅੱਖੀਆਂ ਚੋਂ ਪਰਲ ਪਰਲ ਅੱਥਰੂ ਵੱਗ ਰਹੇ ਹਨ :

"ਖਲੋ ਜਾ ਰੂਆ ਲਈਨੀਂ ਆਂ ਮੈਂ ਤਈਨੂੰ...ਕੁਝ ਤੇ ਕਿਆਸ ਕਰ, ਇਹ ਕੀ ਆਖਣਗੇ ? ਇੰਜੇ ਈ ਕਰਦੀ ਰਹਿੰਦੀ ਏ...।"

"ਮੈਂ ਕੀ ਆਖਿਆ ?"

"ਤਈਨੂੰ ਸ਼ਰਮ ਨਹੀਂ ਆਉਂਦੀ, ਤਮਾਸ਼ਾ ਪਈ ਵਿਖਾਣੀ ਏ ਕਿਥੋਂ ਲਿਆਦਿਆਂ ਤਈਨੂੰ ਸੂਟ ਬੂਟ...ਧੀ ਪੁੱਤਰ ਨੂੰ ਸਮਝ ਚਾਹੀਦੀ ਏ, ਇਸ਼ਾਰਾ ਸਮਝਣਾ ਚਾਹੀਦਾ ਏ...।"

"ਭੈਣ ਜੀ ਮੈਂ ਤੇ ਸੜ ਲੱਥੀ ਆਂ ਇਹਨਾਂ ਤੋਂ, ਸਾਰਾ ਦਿਨ ਇਹਨਾਂ ਦੀ ਨੌਕਰੀ ਕਰੀਦੀ ਏ, ਦੇਹ ਤੁੜਾਈਦੀ ਏ... ਇਹ ਫੇਰ...।"

"ਏਨੇ ਗੁੱਸੇ 'ਚ ਨਾ ਆਓ, ਕੀ ਕਰਦੇ ਓ? ਆਖ਼ਰ ਬੱਚੀ ਏ।

"ਏਡੀ ਵਡੀ ਹੋ ਗਈ ਏ ਡਾਰੀ, ਹਾਲੀ ਬੱਚੀ ਈ ਏ। ਇਹਦਾ ਭਾਪਾ ਤੇ ਆਂਹਦਾ ਸੀ, ਮੈਂ ਨਹੀਂ ਘੱਲਣੀ ਐਤਕੀ ਸਕੂਲ। ਇਹ ਰੋਂਦੀ ਮਈਥੋਂ ਘੱਲੀ ਨਾ ਜਾਏ...ਮਈਨੂੰ ਈ ਪਤਾ ਏ ਭੈਣ ਜੀ ਜਿੰਨੀਆਂ ਮੈਂ ਇਹਦੇ ਭਾਪੇ ਦੀਆਂ ਮਿੰਨਤਾਂ ਕੀਤੀਆਂ ਨੇ...।"

"ਸੱਚੀ ਗੱਲ ਏ ਭੈਣ ਜੀ ਪੜ੍ਹਾਈਆਂ ਦੇ ਖ਼ਰਚ ਈ ਕਿਹੜੇ ਥੋੜ੍ਹੇ ਨੇ, ਮੁੰਡਾ ਈ ਮਸਾਂ ਪੜ੍ਹੇ...।"

"ਅੱਗੇ ਕੁਕੜੀਆਂ ਪਾਲ ਲਈਦੀਆਂ ਸੀ, ਫ਼ੀਡ ਸੀ ਸਸਤੀ, ਐਤਕੀਂ ਉਹ ਵੀ ਵੇਚ ਦਿੱਤੀਆਂ ਨੇ...ਨਹੀਂ ਏਸ ਕੁੜੀ ਦਾ ਖ਼ਰਚ ਮੈਂ ਇਹਦੇ ਭਾਪੇ ਤੋਂ ਕਦੀ ਮੰਗਿਆ ਈ ਨਹੀਂ ਸੀ...।"

"ਆਹ ਲਿਆਈਂ ਅੰਦਰੋਂ ਸਣ ਦਾ ਗਰੂਣਾ।"

ਬਿੰਦਰ ਚੁੱਪ ਕੀਤੀ ਸਣ ਦਾ ਗਰੂਣਾ ਕੋਲ ਲਿਆਕੇ ਰੱਖ ਦੇਂਦੀ ਹੈ।



"ਆਂਹਦੇ ਸਨ, ਰੱਸੇ ਵੱਟਣੇ ਨੇ, ਵੱਟੇ ਪਏ ਨੇ...ਧੂੜ ਤੇ ਨਹੀਂ ਜੇ ਚੜ੍ਹਦੀ...?" ਸਣ ਦਾ ਤੀਲਾ ਭੰਨਦੀ ਹੋਈ ਉਹ ਆਖਦੀ ਹੈ।

"ਭੈਣ ਜੀ ਜੇ ਪੰਦਰਾਂ ਰੁਪਏ ਹੋਣ ਤਾਂ...ਏਸ ਸਿਰ ਸੜੀ ਨੂੰ ਬੂਟ, ਹਾਇਆ ਸੜ ਜਾਣੀ, 'ਬੇਤੀ' ਲੈ ਦੀ ਦਿਆਂ, ਸਵੇਰ ਦੀ ਰੋ ਰੋ ਖੱਪ ਗਈ ਜੇ...।" ਬਾਹਰਲੇ ਬੂਹੇ ਤੱਕ ਮੇਰੇ ਨਾਲ ਨਾਲ ਆਉਂਦੀ ਹੋਈ, ਵਿਚਾਰਾ ਜਿਹਾ ਮੂੰਹ ਬਣਾਈ ਉਹ ਮੈਨੂੰ ਆਖ ਰਹੀ ਹੈ।

* * * *

"ਵਾਹ ਅੱਜ ਤੇ ਬੀਬੀ ਸੁਖਵੰਤ ਆਈ ਏ!

' ਭੈਣ ਜੀ ਕਿੱਧਰੋਂ ਈਦ ਦਾ ਚੰਦ ਚੜ੍ਹਿਆ ਅੱਜ।" ਅੰਦਰੋਂ ਨਿਕਲਦੀ ਅਠਾਰ੍ਹਾਂ ਕੁ ਵਰ੍ਹਿਆਂ ਦੀ ਪੰਮੀ ਕਹਿ ਰਹੀ ਹੈ।

"ਕੌਲਜ ਨਹੀਂ ਗਈ ਪੰਮੀ ਅੱਜ ਤੂੰ?"

"ਕੋਈ ਜਾਣ ਵੀ ਦੇਵੇ!" ਅਜੀਬ ਜਿਹੀਆਂ ਨਜ਼ਰਾਂ ਨਾਲ ਪੰਮੀ ਆਪਣੀ ਮੰਮੀ ਵੱਲ ਦੇਖਣ ਲੱਗਦੀ ਹੈ।

"ਪੰਮੀ ਧੀਏ ਮੇਰਾ ਈ ਕਸੂਰ ਈ ਸਾਰਾ!"

"ਕੀ ਨਹੀਂ ਤੁਹਾਡਾ ਕਸੂਰ, ਤੁਸੀਂ ਦਾਰ ਜੀ ਨੂੰ ਕਹਿ ਨਹੀਂ ਸਕਦੇ, ਮਜਬੂਰ ਨਹੀਂ ਕਰ ਸਕਦੇ...।"

"ਤਈਨੂੰ ਕੀ ਪਤਾ ਮੈਂ ਕਿੰਨੇ ਮੱਥੇ ਰਗੜੇ ਨੇ ਉਹਨਾਂ ਅੱਗੇ।"

ਮੈਂ ਕਹਿਣੀ ਆਂ ਸਭ ਝੂਠ ਏ, ਤੁਸੀਂ ਸਭ ਖ਼ਸਮਾਂ ਤੋਂ ਡਰਦੀਆਂ ਓ...।"

"ਚੱਲ ਤੂੰ ਹੋਂ ਨਾ ਡਰੀਂ।" ਮਾਂ ਟਾਲਨਾ ਚਾਹ ਰਹੀ ਹੈ।

"ਵੇਖੋ ਭੈਣ ਜੀ, ਜੇ ਮੇਰਾ ਕਸੂਰ ਹੋਵੇ ਤਾਂ ਵੀ ਏ, ਇਨਸਾਨ ਤੇ ਐਵੇਂ ਤੋਹਮਤਾਂ ਲਾਣੀਆਂ। ਮੈਂ ਤੇ ਇਹ ਬਰਦਾਸ਼ਤ ਨਹੀਂ ਕਰ ਸਕਦੀ...ਬਿਲਕੁਲ ਨਹੀਂ ਕਰ ਸਕਦੀ...।" ਉਹ ਗੁੱਸੇ ਨਾਲ ਫ਼ਰਸ਼ ਤੇ ਪੈਰ ਪਟਕਦੀ ਹੋਈ ਅੰਦਰ ਨੂੰ ਚਲੀ ਜਾਂਦੀ ਹੈ।

"ਪੰਮੀਏਂ ਤੂੰ ਐਵੇਂ ਮੇਰੇ ਸਿਰੇ ਚੜ੍ਹਣ ਡਈ ਹੋਈ ਏਂ ਧੀਏ...।" ਵਿਚਾਰੀ ਜਿਹੀ ਆਵਾਜ਼ 'ਚ ਮਾਂ ਕਹਿ ਰਹੀ ਹੈ।

"ਮੈਂ ਤਾਂ ਕਹਿਣੀ ਆਂ ਹੁਣ ਬੀ.ਏ. 'ਚ ਚਿਰ ਈ ਕਿੰਨਾ ਕੁ ਏ, ਤੁਸੀਂ ਕਰਾ ਦਿਓ, ਹੁਣ ਜੇ ਮੇਰੀ ਨਾ ਮੰਨਣ ਤਾਂ...।" ਉਹ ਰੋਣ ਹਾਕੀ ਜਿਹੀ ਹੋ ਰਹੀ ਹੈ। ਅੰਦਰੋਂ ਪੰਮੀ ਦੀਆਂ ਹੁਬਕੀਆਂ ਦੀ ਆਵਾਜ਼ ਆ ਰਹੀ ਹੈ।

"ਨਾ ਗੱਲ ਕੀ ਏ ?"

"ਗੱਲ ਜੇ ਖ਼ੇਹ ਤੇ ਸੁਆਹ, ਅਖੇ ਇਹ ਕਾਲਜ 'ਚ ਮੁੰਡਿਆਂ ਨਾਲ ਖਲੋ ਖਲੋ ਕੇ ਗੱਲਾਂ ਮਾਰਦੀ ਰਹਿੰਦੀ ਏ...ਹੁਣ ਅਕਸਰ ਮੁੰਡਿਆਂ 'ਚ ਜਦੋਂ ਪੜ੍ਹਨਾ ਜੁ ਹੋਇਆ, ਗੱਲਾਂ ਵੀ ਮਾਰਨੀਆਂ ਹੋਈਆਂ...।"

"ਨਾ ਪੁਆ ਦਿਓ ਮੈਨੂੰ ਬੁਰਕਾ, ਜਾਂ ਫੇਰ ਭੋਰਾ ਕਢਵਾ ਦਿਓ...।" ਅੱਗ ਭਬੂਕਾ ਹੋਈ ਪੰਮੀ ਅੰਦਰੋਂ ਆਉਂਦੀ ਹੋਈ ਮਾਂ ਦੇ ਸਿਰ 'ਤੇ ਖਲੋ ਗਈ ਹੈ।

"ਪੰਮੀ ਧੀਏ ਸਬਰ ਕਰ...।" ਹੋਣ ਹਾਕੀ ਹੁੰਦੀ ਮਾਂ ਕਹਿ ਰਹੀ ਹੈ।

"ਏਸ ਤੁਹਾਡੇ ਸਬਰ ਨੇ ਤਾਂ ਮੈਨੂੰ ਮਾਰਿਆ ਏ...ਬੱਸ ਪਤੀ ਪਰਮੇਸ਼ੁਰ...ਜੋ ਕੁਝ ਕਹਿਣਾ ਸਤਿ...।"

"ਚੱਲ ਅਸੀਂ ਆਪਣੀ ਨਿਭਾ ਲਈ, ਤੁਸੀਂ ਜੋ ਮਰਜੀ ਕਰਿਓ, ...ਸਿਰ 'ਤੇ ਚੜ੍ਹਕੇ ਨੱਚਿਓ ਖ਼ਸਮਾਂ ਦੇ...।" ਉਹ ਅੱਥਰੂਆਂ 'ਚ ਵੀ ਹੱਸ ਰਹੀ ਹੈ।

"ਵੇਖ ਬੀਬਾ ਇਹ ਵੇ ਹਾਲੀ ਅੰਞਾਣੀ, ਇਹਨੂੰ ਕੀ ਪਤਾ ਮਰਦ ਕਿੱਡੇ ਡਾਢੇ ਹੁੰਦੇ ਨੇ, ਜੇ ਰਾਤ ਨੂੰ ਦਿਨ ਕਹਿੰਦੇ ਨੇ ਤਾਂ ਦਿਨ ਕਹੀਦਾ, ਏ ਦਿਨ ਨੂੰ ਰਾਤ ਕਹਿਣ ਤਾਂ ਰਾਤ ਕਹੀਦੀ ਏ...ਮੈਂ ਕੀ ਕੁਝ ਨਹੀਂ ਝੱਲਿਆ ਏਸ ਘਰ 'ਚ ਆਕੇ...ਰੱਜ ਕੇ ਸ਼ਰਾਬੀ ਹੋ ਕੇ ਆ ਵੜਨਾ ਤੈਥੋਂ ਕਾਹਦਾ ਲੁਕਾਅ ਏ, ਕੋਈ ਮਹਿਰੀ ਨਹੀਂ ਛੱਡਣੀ, ਕੋਈ ਚੂਹੜੀ ਨਹੀਂ ਛੱਡਣੀ...ਇਕ ਵਾਰ ਤੇ ਇਕ ਤਰਖਾਣਾਂ ਦੀ ਕੁੜੀ ਘਰ ਈ ਵਾੜ ਲਈ ਸੀ। ਭਲਾ ਹੋਵੇ ਮੇਰੇ ਸਹੁਰੇ ਦਾ, ਇਹ ਕਿੱਧਰੇ ਗਏ ਉਹਨਾਂ ਮਾਰ ਨਹਿਰੇ ਜਾ ਸੁਟਵਾਈ...ਕਿਹੜੀ ਕਿਹੜੀ ਤੇਰੇ ਅੱਗੇ ਫੋਲਾਂ...।" ਉਹਦੀਆਂ ਅੱਖਾਂ 'ਚ ਨਮੀਂ ਆ ਗਈ ਹੈ।

"ਬੀਬੀ ਸਾਰਿਆਂ ਦੀ ਗੱਲੀ ਬਣੀ, ਗੁਲੱਮ ਚੁੱਕਿਆ ਤਾਂ ਏਸ ਘਰ 'ਚ ਮੇਰਾ ਵਸੇਬਾ ਹੋਇਆ, ਜੇ ਨਿਰਾ ਇਹਦੇ ਪਿਓ ਦੇ ਵੱਸ ਹੁੰਦਾ ਤਾਂ ਹੁਣ ਨੂੰ...ਹੁਣ ਇਹਨੂੰ ਕਿਹੜੀ ਕਿਹੜੀ ਦੱਸਾਂ...।"

"ਮੈਥੋਂ ਕੀ ਲੁਕਾਉਂਦੇ ਓ, ਮੈਂ ਜਾਣਦੀ ਆਂ ਆਪਣੇ ਪਿਓ ਦੀਆਂ ਕਰਤੂਤਾਂ ਨੂੰ। ਜਿਹੋ ਜਿਹਾ ਆਪ ਏ, ਓਹੀ ਜਿਹੀ ਮੈਨੂੰ ਸਮਝਦਾ ਏ...ਮੈਂ ਤਾਂ ਆਪਣੀ ਮਨ ਆਈ ਕਰਾਂਗੀ, ਵੇਖੀ ਜਾਏਗੀ, ਜਿਹੜੀ ਨਹਿਰ 'ਚ ਵੱਢ ਕੇ ਰੋੜ੍ਹਣਾ ਰੋੜ੍ਹ ਦਿਉ, ਆਪ ਵੀ ਤੇ ਫਾਂਸੀ...।" ਪੰਮੀ ਦੀਆਂ ਗੁੱਸੇ ਨਾਲ ਲਾਲ ਹੋਈਆਂ ਅੱਖਾਂ 'ਚੋਂ ਅਥਰੂ ਵਗ ਰਹੇ ਹਨ।

ਬਾਹਰਲੀਆਂ ਬੂਹਾਂ 'ਚ ਖਲੋਤੇ ਤੇ ਲਾਲ ਲਾਲ ਅੱਖਾਂ ਕੱਢਕੇ ਪੰਮੀ ਵੱਲ ਛਿਹੰਦੇ ਹੋਏ ਸ੍ਰ: ਗੁਰਦਿਆਲ ਸਿੰਘ ਵੱਲ ਵੇਖ ਮੈਂ ਬਾਹਰ ਨਿਕਲ ਜਾਂਦੀ ਹਾਂ।

"ਅੱਜ ਮੈਂ ਸਿੱਝ ਕੇ ਹਟਣਾ ਏਂ—ਤੇਰੇ ਨਾਲ। ਵਿਹੰਨਾ ਕਿਹੜਾ ਤੇਰਾ ਯਾਰ ਆ ਕੇ ਛੁਡਾਉਂਦਾ ਏ...।" ਅੰਦਰੋਂ ਧੰਹਿ ਧੰਹਿ ਆਵਾਜ਼ ਆ ਰਹੀ ਹੈ।

* * * *

ਓ 'ਦੀਦੀ ਵੈਲਕਮ, ਵੈਲਕਮ, ਮੰਮੀ ਨੂੰ ਪੁੱਛ ਲਓ, ਮੈਂ ਤੁਹਾਨੂੰ ਕਿੰਨਾ ਯਾਦ ਕੀਤਾ ਏ, ਬਾਹਰ ਫ਼ਾਰਮ ਤੇ ਵੀ ਪਤਾ ਪਤਾ ਕੀਤਾ ਤੁਹਾਡੇ ਭਾਬੀ ਜੀ ਨੂੰ ਮੈਸਿਜ ਦਿੱਤਾ...।" ਅੱਗੋਂ ਵਾਲੀ ਮੈਨੂੰ ਜੱਫੀ 'ਚ ਲਈ, ਆਪਣੇ ਆਪਣੇ ਵੱਡੇ ਵੱਡੇ ਵਧਾਏ ਹੋਏ ਨਹੁੰ ਉਹ ਮੇਰਿਆਂ ਡੌਲਿਆਂ 'ਚ ਖੋਭਦੀ ਹੋਈ ਉਹ ਮੈਨੂੰ ਆਪਣੇ ਕਮਰੇ 'ਚ ਲਿਜਾ ਰਹੀ ਹੈ।

"ਓ, ਬੱਸ ਬਈ ਬੱਸ ..।"

"ਆ ਗਿਆ ਨਾ ਮਜ਼ਾ ਦੀਦੀ !"

"ਚੰਡੀਗੜ੍ਹੋਂ ਕਦੋਂ ਆਈ ਏਂ...?" ਮੈਂ ਹੱਸਦੀ ਹੋਈ ਕਹਿ ਰਹੀ ਹਾਂ।

"ਹਫ਼ਤਾ ਹੋ ਗਿਆ ਆਈ ਨੂੰ, ਦੀਦੀ ਏਥੇ ਤਾਂ ਬੋਰ ਹੋ ਜਾਈਦਾ...ਮਜ਼ਾ 'ਤੇ ਓਥੇ ਵੇ...ਨਹੀਂ ਨਹੀ। ਵੈਸੇ ਮੈਂ ਹਰ ਜਗ੍ਹਾ ਐਡਜਸਟ ਕਰ ਸਕਦੀ ਹਾਂ...ਪਿੰਡਾਂ ਦਾ ਆਪਣਾ ਮਜ਼ਾ ਏ...ਪਰ ਉਹ ਆਪਣੀਆਂ ਖ਼ੂਬਸੂਰਤ ਅੱਖਾਂ 'ਚ ਹੱਸਦੀ ਹੋਈ ਮੇਰੇ ਵੱਲ ਇਕ ਅੱਖ ਮੀਟ ਲੈਂਦੀ ਹੈ।

"ਦੀਦੀ ਤੁਸੀਂ ਜ਼ਰੂਰ ਅਇਓ, ਉਥੇ ਜ਼ਰੂਰ ਅਇਓ, ਬੱਸ ਮੈਂ ਫ਼ੇਰ ਜਾ ਰਹੀ ਆਂ...ਤੁਸੀਂ ਜ਼ਰੂਰ ਅਇਓ...।"

"ਚੰਗਾ, ਚੰਗਾ, ਜ਼ਰੂਰ ਆਵਾਂਗੀ...ਹੁਣ ਅੱਗੋਂ ਕੀ ਕਰਨ ਦੀ ਸਲਾਹ ਏ...।"

"ਬਯੂਟੀਸ਼ੀਓਨ ਦਾ ਕੋਰਸ...ਦੀਦੀ ਅਸਲ 'ਚ ਬੰਦੇ 'ਚ ਕੁਆਲੀਟੀਜ਼ ਹੋਣ ਤਾਂ ਕਿਉਂ ਨਾ ਯੂਟੇਲਾਈਜ਼ ਕਰੇ...ਫਿਰ ਪੈਸਾ ਵੀ ਮਿਲਦਾ ਏ...ਪੈਸਾ ਈ ਤੇ ਸਭ ਕੁਝ ਏ...ਮੈਂ ਤਾਂ ਪੈਸਾ ਕਮਾਵਾਂਗੀ...।"

"ਡੈਡੀ ਮੰਨਦੇ ਨੇ ਤੇਰੇ।"

"ਛੱਡੋ ਪਰ੍ਹਾਂ ਇਹਨਾਂ ਨੂੰ ਮਨਾਇਆ ਤਾਂ...ਮੈਂ ਤਾਂ ਇੰਗਲੈਂਡ ਚਲੀ ਜਾਣਾ ਸੀ ਹੁਣ ਨੂੰ...ਡੈਡੀ ਤਾਂ ਮੰਨਦੇ ਸਨ, ਮੰਮੀ ਕਹਿੰਦੀ ਨਹੀਂ ਵਿਆਹ ਕਰਾਂਗੇ...।"

"ਹੁਣ ਫੇਰ ਵਿਆਹ ?" ਮੈਂ ਸ਼ਰਾਰਤ 'ਚ ਉਹਦੇ ਮੋਢੇ ਤੇ ਧੱਫਾ ਮਾਰਦੀ ਹੋਈ ਕਹਿੰਦੀ ਹਾਂ।

"ਦੀਦੀ ਪਹਿਲਾਂ ਸੋਚਦੀ ਹੁੰਦੀ ਸਾਂ...ਹੈਂਡਸਮ ਹੋਵੇ, ਟੌਲ ਹੋਵੇ, ਫ਼ੈਸ਼ਨੇਬਲ ਹੋਵੇ...ਹੁਣ ਸੋਚਦੀ ਆਂ ਬੱਸ ਇਨਟੈਲੀ-ਜੈਂਟ ਹੋਵੇ...।"

"ਫੇਰ ਤੈਨੂੰ ਉਹ ਇਨਟੈਲੀਜੈਂਟ ਲਭ ਲੈਣਾ ਚਾਹੀਦਾ ਹੈ।" ਮੇਰਾ ਹਾਸਾ ਨਿਕਲ ਰਿਹਾ ਹੈ।

"ਮਾਰੋ ਕਾਠ ਇਹ ਮੇਰੇ ਡੈਡੀ ਦੇ ਬੱਚੇ...ਆਖਦੇ ਨੇ ਨੌਕਰੀ ਵੀ ਫ਼ਸਟ ਕਲਾਸ ਹੋਵੇ, ਜਾਗੀਰਦਾਰ ਸਰਦਾਰ ਹੋਵੇ... ਦੀਦੀ ਸਮਝ ਨਹੀਂ ਆਉਂਦੀ ਇਹਨਾਂ ਦੀ, ਇਹ ਪੜ੍ਹੇ ਲਿਖੇ ਨੇ ? ਹੁਣ ਬੈਠੇ ਉਡੀਕਦੇ ਰਹੋ ਇਹਨਾ ਦਾ ਚਾਇਸ.. ।"

"ਦੀਦੀ ਜੁਆਨੀ ਇਕ ਵਾਰ ਮਿਲਦੀ ਏ, ਐਨਜੌਏ ਕਰੋ ਰੱਜਕੇ ਟੂ ਦਾ ਫ਼ਿਲ ਆਫ਼ ਯੌਅਰ ਮਾਈਂਡ...।"

"ਫੇਰ ਹੁਣ...।" ਮੈਨੂੰ ਉਹਦੀਆਂ ਗੱਲਾਂ ਦਾ ਮਜ਼ਾ ਆ ਰਿਹਾ ਹੈ।

"ਵਿਟਨਸ ਬਣੇਂਗੀ ?" (ਦੇਖੋ ਸਫ਼ਾ 28)

CONGRATULATIONS & BEST WISHES TO

**The Watno Dur**

ON COMPLITION OF ② YEARS

FROM

**GOLDWOOD INDUSTRIES LTD.**

1269 MITCHELL Rd.,

RICHMOD, B.C.



ਰੂਪਕਾਰ:
ਇਮਰੋਜ਼

# ਹੁਸਨ ਦੀ ਗੱਲ

ਖ਼ਲੀਲ ਜਿਬਰਾਨ

ਅਨੁਵਾਦਕ:
ਅੰਮ੍ਰਿਤਾ ਪ੍ਰੀਤਮ
ਹਰਿਭਜਨ ਸਿੰਘ

ਤੇ ਇਕ ਸ਼ਾਇਰ ਨੇ ਕਿਹਾ, "ਸਾਨੂੰ ਹੁਸਨ ਦੀ ਗਲ ਸੁਣਾ।"

ਉਸਨੇ ਉਤਰ ਦਿਤਾ :

ਹੁਸਨ ਨੂੰ ਤੁਸੀਂ ਕਿਥੇ ਲਭੋਗੇ ਤੇ ਉਹ ਤੁਹਾਨੂੰ ਮਿਲੇਗਾ ਵੀ ਕਿਵੇਂ ? ਜੇ ਉਹ ਆਪ ਹੀ ਤੁਹਾਡਾ ਰਾਹ ਨਾ ਬਣ ਜਾਵੇ ਤੇ ਰਾਹ-ਨੁਮਾ ਵੀ।

ਤੁਸੀਂ ਉਹਦੀ ਗਲ ਵੀ ਕਿਵੇਂ ਕਰ ਸਕਦੇ ਹੋ ਜਿੰਨਾ ਚਿਰ ਤੁਹਾਡੇ ਬੋਲਾਂ ਦਾ ਤਣਾ-ਪੇਟਾ ਉਹ ਆਪ ਹੀ ਨਾ ਬਣੇ।

ਦੀਨ-ਦੁਖੀ ਤੇ ਪੀੜਿਤ ਲੋਕ ਕਹਿੰਦੇ ਹਨ, "ਹੁਸਨ ਮਿਹਰਬਾਨ ਹੈ, ਅਸੀਲ ਹੈ।

ਉਹ ਸਾਡੇ ਵਿਚਕਾਰ ਇਉਂ ਵਿਚਰਦਾ ਹੈ ਜਿਵੇਂ ਅਧ-ਸ਼ਰਮਾਈ, ਜੋਬਨਵੰਤੀ ਮਾਂ ਹੋਵੇ।"

ਤਰੰਗ ਵਿਚ ਆਏ ਲੋਕ ਕਹਿੰਦੇ ਹਨ, "ਨਹੀਂ, ਨਹੀਂ, ਹੁਸਨ ਬਹੁਤ ਬਲਕਾਰ ਤੇ ਭਿਆਵਨਾ ਹੈ।

ਉਹ ਤਾਂ ਝੱਖੜ ਵਾਂਗ ਹੈ ਜੋ ਹੇਠਾਂ ਧਰਤੀ, ਉਪਰ ਆਕਾਸ਼, ਦੋਹਾਂ ਨੂੰ ਝੰਜੋੜ ਸੁਟਦਾ ਹੈ।

ਥੱਕੇ-ਟੁੱਟੇ ਲੋਕ ਕਹਿੰਦੇ ਹਨ, ਹੁਸਨ ਤਾਂ ਮਧਮ ਜਹੇ ਗੰਜ਼ੇ ਵਿਚ ਹੁੰਦਾ ਹੈ। ਉਹ ਸਾਡੀ ਰੂਹ ਵਿਚ ਬਹਿ ਕੇ ਗੱਲਾਂ ਕਰਦਾ ਹੈ।"

ਪਰ ਬੇਚੈਨ ਲੋਕ ਕਹਿੰਦੇ ਹਨ, "ਅਸੀਂ ਹੁਸਨ ਨੂੰ ਪਰਬਤਾਂ ਅੰਦਰ ਵਾਜਾਂ ਮਾਰਦਿਆਂ ਸੁਣਿਆ ਹੈ,

ਉਸਦੀਆਂ ਕੂਕਾਂ ਦੇ ਨਾਲ ਨਾਲ ਘੋੜਿਆਂ ਦੀ ਪੈੜ-ਚਾਲ, ਖੰਭਾਂ ਦੀ ਫੜਫੜਾਹਟ ਤੇ ਸ਼ੇਰਾਂ ਦੀ ਦਹਾੜ ਸੁਣਾਈ ਦੇਂਦੀ ਹੈ।"

ਰਾਤ ਵੇਲੇ ਸ਼ਹਿਰ ਦੇ ਪਾਹਰੂ ਕਹਿੰਦੇ ਹਨ, "ਹੁਸਨ ਸਵੇਰੇ ਸਰਘੀ ਵੇਲੇ ਪੂਰਬ ਵੱਲੋਂ ਉੱਗੇਗਾ।"

ਸਿਖਰ ਦੁਪਹਿਰੇ ਮਿਹਨਤ-ਮੁਸ਼ਕਤਾਂ ਵਿਚ ਰੁਝੇ ਤੇ ਕਰੜੇ ਪੈਂਡੇ ਕਰਨ ਵਾਲੇ ਲੋਕ ਕਹਿੰਦੇ ਹਨ, "ਅਸੀਂ ਹੁਸਨ ਨੂੰ ਤਿਕਾਲ-ਸੰਧਿਆਂ ਦੀ ਬਾਰੀ ਥਾਣੀਂ ਧਰਤੀ ਉਪਰ ਪਲਮਿਆ ਵੇਖਿਆ ਹੈ।"

ਸਿਆਲਾਂ ਵਿਚ ਬਰਫ਼ਾਂ-ਬੱਝੇ ਲੋਕ ਕਹਿੰਦੇ ਹਨ, "ਹੁਸਨ ਬਸੰਤ ਰੁਤ ਵਿਚ ਆਊ, ਪਰਬਤਾਂ ਉਪਰ ਟਪਦਾ-ਨਚਦਾ।"

ਹੁਨਾਲ ਵਿਚ ਵਾਢੇ ਕਹਿੰਦੇ ਹਨ, "ਅਸੀਂ ਉਹਨੂੰ ਅਸੂ-ਕੱਤੇ ਦੇ ਪਤਿਆਂ ਵਿਚ ਨਚਦਿਆਂ ਵੇਖਿਆ ਹੈ, ਉਸਦੇ ਵਾਲਾਂ ਵਿਚ ਬਰਫ਼ ਦਾ ਹਲਕਾ ਜਿਹਾ ਤਰੌਂਕਾ ਸੀ।"

ਹੁਸਨ ਬਾਰੇ ਇਹ ਸਾਰੀਆਂ ਗੱਲਾਂ ਤੁਸੀਂ ਕਹਿ ਚੁੱਕੇ ਹੋ।

ਪਰ, ਅਸਲ ਵਿਚ ਤੁਸੀਂ ਉਸਦੀ ਗਲ ਨਹੀਂ ਕੀਤੀ ਬਲਕਿ ਅਪਣੀਆਂ ਅਤ੍ਰਿਪਤ ਲੋੜਾਂ ਦੀ ਗਲ ਕੀਤੀ ਹੈ।

ਹੁਸਨ ਲੋੜ ਨਹੀਂ, ਵਿਸਮਾਦ ਭਰਿਆ ਅਨੰਦ ਹੈ।

ਇਹ ਕੋਈ ਪਿਆਸਾ ਮੂੰਹ ਨਹੀਂ, ਨਾ ਇਹ ਕਿਸੇ ਅੱਗੇ ਫੈਲਿਆ ਹੋਇਆ ਸੱਖਣਾ ਹਥ ਹੈ।

ਹੁਸਨ ਤਾਂ ਦਘਦਾ-ਮਘਦਾ ਦਿਲ ਹੈ, ਟੂਣੇ-ਮੋਹੀ ਆਤਮਾ ਹੈ।

ਇਹ ਕੋਈ ਮੂਰਤ ਨਹੀਂ ਕਿ ਤੁਸੀਂ ਵੇਖ ਲਵੋ ਨਾ ਕੋਈ ਗੀਤ ਹੈ ਜੋ ਤੁਸੀਂ ਸੁਣ ਲਵੋ।

ਆਹੋ, ਇਹ ਮੂਰਤ ਹੈ ਜੋ ਤੁਸੀਂ ਅੱਖਾਂ ਮੀਟ ਕੇ ਵੇਖਦੇ ਹੋ; ਇਹ ਗੀਤ ਹੈ ਜੋ ਕੰਨ ਬੰਦ ਕਰਕੇ ਸੁਣਦੇ ਹੋ।

ਇਹ ਪੱਛੇ ਹੋਏ ਸਕ ਵਿਚਲਾ ਰਸ ਨਹੀਂ, ਨਾ ਇਹ ਪੰਜੇ ਵਿਚ ਫਸਿਆ ਪੰਖ ਹੈ।

ਇਹ ਸਦਾ-ਖਿੜਿਆ ਬਾਗ਼ ਹੈ, ਇਹ ਸਦਾ-ਉਡਦੇ ਫਰਿਸ਼ਤਿਆਂ ਦੀ ਡਾਰ ਹੈ।

ਉਰਫਾ ਦੇ ਲੋਕੋ, ਹੁਸਨ ਜ਼ਿੰਦਗੀ ਹੈ—ਜਦੋਂ ਉਹ ਅਪਣੇ ਪਵਿਤਰ ਮੁਖੜੇ ਤੋਂ ਨਕਾਬ ਲਾਹ ਦੇਂਦੀ ਹੈ।

ਪਰ ਜ਼ਿੰਦਗੀ ਵੀ ਤੁਸੀਂ ਹੋ ਤੇ ਉਹਦਾ ਨਕਾਬ ਵੀ ਤੁਸੀਂ।

ਹੁਸਨ ਸਦੀਵ ਕਾਲ ਹੈ—ਜਦੋਂ ਉਹ ਸ਼ੀਸ਼ੇ ਵਿਚ ਅਪਣਾ ਦੀਦਾਰ ਕਰਦਾ ਹੈ,

ਪਰ ਸਦੀਵਕਾਲ ਵੀ ਤੁਸੀਂ ਹੋ ਤੇ ਸ਼ੀਸ਼ਾ ਵੀ ਤੁਸੀਂ।

('ਪੈਗ਼ੰਬਰ' ਵਿਚੋਂ)

# ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦਾ ਮਤਾ

(ਇਹ ਰੋਸ-ਮਤਾ ਐਸੋਸੀਏਸ਼ਨ ਦੀ ਇਕ ਜੂਨ 1975 ਨੂੰ
'ਵਤਨੋਂ ਦੂਰ' ਦੇ ਦਫ਼ਤਰ ਵਿੱਚ ਹੋਈ ਇਕੱਤਰਤਾ ਵਿੱਚ ਬਹੁ-ਸੰਮਤੀ ਨਾਲ ਪਾਸ ਕੀਤਾ ਗਿਆ।)

ਪੰਜਾਬੀ ਲਿਟਰੇਰੀ ਐਸੋਸੀਏਸ਼ਨ ਵੈਨਕੂਵਰ ਦੀ ਇਹ ਇਕੱਤ੍ਰਤਾ ਗੁਰਦਵਾਰਾ ਰਾਸ ਸਟਰੀਟ ਵੈਨਕੂਵਰ ਵਿੱਚ ਪਿਛਲੇ ਕਾਫ਼ੀ ਸਮੇਂ ਤੋਂ ਵਾਪਰ ਰਹੀਆਂ ਹਿੰਸਾਤਮਕ ਘਟਨਾਵਾਂ ਦੀ ਪੁਰਜ਼ੋਰ ਨਿਖੇਧੀ ਕਰਦੀ ਹੈ। ਇਨ੍ਹਾਂ ਘਟਨਾਵਾਂ ਦੀ ਲੰਮੀ ਲੜੀ ਨੇ ਕੈਨੇਡਾ ਵਿੱਚ ਵਸਦੀ ਸਾਰੀ ਭਾਰਤੀ ਕੌਮ ਦਾ ਸਿਰ ਕੈਨੇਡੀਅਨ ਸਮਾਜ ਸਾਹਮਣੇ ਬੜਾ ਹੀ ਨੀਵਾਂ ਕੀਤਾ ਹੈ। ਇਹ ਲਿਖਣ ਬੋਲਣ ਦੇ ਬੁਨਿਆਦੀ ਹੱਕਾਂ ਉੱਤੇ ਸਿੱਧਾ ਅਤੇ ਅਸਹਿ ਹਮਲਾ ਹਨ। ਕਾਰਨ ਕੇਵਲ ਧੜੇਬਾਜ਼ੀ ਦੀ ਲਾਅਨਤ ਹੈ ਜੋ ਕਾਫ਼ੀ ਲੰਮੇ ਸਮੇਂ ਤੋਂ ਗਿਣਤੀ ਦੇ ਕੁਝ ਖੁਦਗਰਜ਼ ਲੋਕਾਂ ਨੇ ਆਪਣੇ ਸੌੜੇ ਹਿਤ ਪੂਰਨ ਲਈ ਸਾਰੇ ਲੋਕਾਂ ਦੇ ਗਲ ਮੜ੍ਹੀ ਹੋਈ ਹੈ। ਕੈਨੇਡਾ ਦਾ ਭਾਰਤੀ ਭਾਈਚਾਰਾ ਇਸਦਾ ਬੜਾ ਮਹਿੰਗਾ ਤੇ ਬੇਲੋੜਾ ਮੁੱਲ ਤਾਰ ਰਿਹਾ ਹੈ। ਲੋਕਾਂ ਨੂੰ ਇਸਦੇ ਵਿਰੁੱਧ ਆਪਣੀ ਆਵਾਜ਼ ਖੁੱਲ੍ਹਕੇ ਉੱਚੀ ਕਰਨੀ ਚਾਹੀਦੀ ਹੈ। ਸਾਨੂੰ ਇਨ੍ਹਾਂ ਸਾਰੀਆਂ ਘਟਨਾਵਾਂ ਵਿੱਚ ਹਿੰਸਾ ਦਾ ਸ਼ਿਕਾਰ ਹੋਏ ਸਾਰੇ ਲੋਕਾਂ ਨਾਲ ਡੂੰਘੀ ਹਮਦਰਦੀ ਹੈ ਜਿਨ੍ਹਾਂ ਵਿੱਚ ਪੰਜਾਬੀ ਦੇ ਕਲਾਕਾਰ ਵੀ ਸ਼ਾਮਲ ਹਨ।

ਸਮਾਜ ਦਾ ਮਹੱਤਵਪੂਰਨ ਅੰਗ ਤੇ ਸਮਾਜ ਦਾ ਪ੍ਰਤੀਨਿਧ ਹੋਣ ਦੇ ਨਾਤੇ ਹਰ ਕਲਾਕਾਰ ਨੂੰ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇਣਾ ਸਮਾਜ ਦਾ ਫ਼ਰਜ਼ ਹੈ। ਕਲਾ-ਸੇਧ ਬਾਰੇ ਵਿਚਾਰ-ਵਟਾਂਦਰੇ ਲਈ ਜਿਸਮਾਨੀ ਢੰਗਾਂ ਦੀ ਥਾਂ ਕਲਾਤਮਕ-ਢੰਗ ਅਪਣਾਏ ਜਾਣੇ ਚਾਹੀਦੇ ਹਨ।

ਅਸੀਂ ਸਾਰੇ ਪੱਖਾਂ ਦੇ ਮੋਹਰੀਆਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਉਹ ਆਪਣੇ ਮਨਾਂ ਅੰਦਰ ਝਾਤ ਮਾਰਨ ਅਤੇ ਹਿੰਸਾ ਦੀ ਇਸ ਖੇਡ ਨੂੰ ਤੁਰਤ ਸਮਾਪਤ ਕਰਨ। ਇਹ ਹਿੰਸਾ ਕੈਨੇਡੀਅਨ ਸਮਾਜ ਦੇ ਸਿਰਫ਼ ਕੱਟੜ ਨਸਲਵਾਦੀ ਭਾਗ ਦੀ ਹੀ ਸੇਵਾ ਕਰਦੀ ਹੈ ਜੋ ਏਥੋਂ ਦੇ ਭਾਰਤੀ ਭਾਈਚਾਰੇ ਵਿੱਚ ਹੋਈ ਹਰ ਨਿੱਕੀ ਤੋਂ ਨਿੱਕੀ ਘਟਨਾ ਨੂੰ ਉੱਚਾ ਉਛਾਲਦਾ ਹੈ ਅਤੇ ਵੱਡੀਆਂ ਸੁਰਖੀਆਂ ਦੇਕੇ ਛਾਪਦਾ ਹੈ। ਭਾਰਤੀ-ਭਾਈਚਾਰੇ ਨੂੰ ਇਨ੍ਹਾਂ ਚਾਲਾਂ ਬਾਰੇ ਸੁਚੇਤ ਹੋਕੇ ਆਪਣੇ ਏਕੇ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਗੁਰਚਰਨ ਰਾਮਪੁਰੀ — ਪ੍ਰਧਾਨ

ਅਜਮੇਰ ਸਿੰਘ ਰੋਡੇ — ਜਨਰਲ ਸਕੱਤਰ

---

'ਕੋਠੇ ਚੜ੍ਹ ਕੇ ਵੇਖਿਆ'- ਸਫ਼ਾ ੨੫ ਤੋਂ ਅੱਗੇ।

'ਜ਼ਰੂਰ, ਜ਼ਰੂਰ'' ਮੈਂ ਉਹਦੇ ਮੋਢੇ ਤੇ ਧੱਫਾ ਮਾਰਦੀ ਹੋਈ ਕਹਿੰਦੀ ਆਂ। ਕੋਲ ਖਲੋਤੀ ਉਹਦੀ ਮੰਮੀ ਵੀ ਹੱਸ ਰਹੀ ਹੈ।

''ਸੀਰੀਅਸਲੀ ਕਹਿਨੀ ਏਂ ?'' ਕਹਿੰਦੀ ਹੋਈ ਮੈਂ ਆਪ ਵੀ ਸੀਰੀਅਸ ਹੋ ਜਾਂਦੀ ਹਾਂ।

''ਦੀਦੀ ਤੁਸੀਂ ਵੀ ਭੋਲੇ ਓ.. ਇਹ ਡੈਡੀ, ਇਹ ਮੰਮੀ, ਇਹ ਦਾਦੀ, ਇਹ ਪੰਜ ਸਾਲ ਪੁਰਾਣਾ ਸੱਟਫ...ਵੈਸੇ ਆਈ ਐਮ ਨਾਅਟ ਅੰਡਰ ਦੇਅਰ ਥੰਬ....'' ਵਾਕਿਆ ਹੀ ਉਹ ਕੁਝ ਸੋਚਦੀ ਹੋਈ ਸੀਰਿਅਸ ਹੋ ਜਾਂਦੀ ਹੈ।

''ਦੀਦੀ ਤੁਸਾਂ ਉਹ ਲਿਖੀਹੋਮੋਓਸੈਕਸੂਐਲਟੀ ਬਾਰੇ ਕਹਾਣੀ...।''

''ਉਹ ਤੇ ਕੋਈ ਹੋਰ ਲਿਖ ਗਿਆ।''

'ਜਾਓ ਪਰ੍ਹਾਂ ਕਿਨਾ ਵਧੀਆ ਸਟੱਫ ਦਿੱਤਾ ਸੀ ਤੁਹਾਨੂੰ।''

''ਹੱਛਾ ਹੁਣ ਚੰਡੀਗੜ੍ਹ ਆਇਓ ਜ਼ਰੂਰ, ਰਾਤ ਰਹਿਣ ਦਾ ਪ੍ਰੋਗਰਾਮ ਬਣਾਕੇ...ਦੀਦੀ ਉਥੇ ਤੁਹਾਨੂੰ ਹਸੀਜ਼... ਏ ਨਾਵਲ ਐਕਸਪੈਰੀਮੈਂਟ, ਇੱਕਦੱਮ ਥਰਿਲਿੰਗ...।'' ਉਹ ਆਰਾਮ ਨਾਲ ਗੱਲਾਂ ਕਰਦੀ ਜਾ ਰਹੀ ਹੈ।

''ਲੱਗ ਗਿਆ ਪਤਾ ਹੁਣ ਤੂੰ ਚੰਡੀਗੜ੍ਹ ਕੀ ਕਰਨੀ ਏ।''

ਓ, ਨੋ ਦੀਦੀ ਆਈ ਐਮ ਨਾਅਟ ਸੋ...ਇਹ ਤਾਂ ਗੱਲਾਂ ਨੇ ਉਂਜ ਈ... ਵੈਸੇ ਐਨਜੌਏਂਸ ਸੈਕਸ ਨਥਿੰਗ ਇਜ਼ ਰਾਂਗ ...ਪਰ ਦੀਦੀ ਆਪਣੀਆਂ ਇਹ ਗੱਪਾਂ ਨੇ ;'' ਦਰਵਾਜ਼ੇ 'ਚ ਖਲੋਤੇ ਆਪਣੇ ਡੈਡੀ ਨੂੰ ਵੇਖ ਉਹ ਇਕ ਦਮ ਠਠੰਬਰ ਜਾਂਦੀ ਹੈ।

ਕੋਹੇ ਹੋਏ ਆਦਮੀ, ਉਹ ਕੌਣ ਏ ਜੋ ਤੇਰਾ ਬਦਲਾ ਲਏਗਾ?
ਤੂੰ ਜਿਹਦੇ 'ਤੇ ਸੱਟਾਂ ਪੈ ਰਹੀਆਂ ਨੇ।
ਸੁਣ ਤੇਰੇ ਜ਼ਖ਼ਮੀ ਭਰਾ ਪੁਕਾਰ ਰਹੇ ਨੇ
ਕਮਜ਼ੋਰੀ ਸਾਨੂੰ ਤਾਕਤ ਬਖ਼ਸ਼ ਰਹੀ ਏ ਤੈਨੂੰ ਦੇਣ ਲਈ
ਸਾਥੀ, ਆ, ਅਸੀਂ ਤੇਰਾ ਬਦਲਾ ਲਵਾਂਗੇ

ਸਭ ਕੁਝ ਜਾਂ ਕੁਝ ਵੀ ਨਾ। ਅਸੀਂ ਸਭ ਜਾਂ ਕੋਈ ਵੀ ਨਾ।
ਕੋਈ ਕੱਲਾ-ਕਾਰਾ ਆਪਣੀ ਹੋਣੀ ਬਦਲ ਨਹੀਂ ਸਕਦਾ
ਜਾਂ ਬੰਦੂਕ ਜਾਂ ਪੈਰਾਂ ਦੀ ਬੇੜੀ।
ਸਭ ਕੁਝ ਜਾਂ ਕੁਝ ਵੀ ਨਾ। ਅਸੀਂ ਸਭ ਜਾਂ ਕੋਈ ਵੀ ਨਾ।
(ਬਰਤੋਲਤ ਬਰੈਸ਼ਟ)
-"ਅਸੀਂ ਸਭ ਜਾਂ ਕੋਈ ਵੀ ਨਾ" 'ਚੋਂ-

ਤੂੰ ਕੀ ਕਰ ਸਕਦਾ ਏਂ, ਗ਼ਦਾਰ, ਹਵਾ ਦੇ ਖ਼ਿਲਾਫ਼?
ਤੂੰ ਕੀ ਕਰ ਸਕਦਾ ਏਂ, ਗ਼ਦਾਰ, ਉਸ ਸਭ ਕੁਝ ਦੇ ਖ਼ਿਲਾਫ਼,
ਜੋ ਖਿੜਦਾ ਹੈ, ਜੋਬਨ ਤੇ ਆਉਂਦਾ ਹੈ, ਅਹਿਲ ਹੈ, ਖ਼ਬਰਦਾਰ ਹੈ
ਮੇਰੀ ਉਡੀਕ ਵਿੱਚ ਹੈ ਤੇ ਤੈਨੂੰ ਲਾਹਨਤਾਂ ਪਾ ਰਿਹਾ ਹੈ
ਗ਼ਦਾਰ, ਤੇਰੀਆਂ ਗ਼ਦਾਰੀਆਂ ਦੇ ਖ਼ਰੀਦਿਆਂ
'ਤੇ ਸਿੱਕਿਆਂ ਦਾ ਮੀਂਹ ਵਰ੍ਹਦਾ ਰਹੇ।
ਗ਼ਦਾਰ, ਤੂੰ ਸਿਰਫ਼ ਗ੍ਰਿਫ਼ਤਾਰ ਕਰ ਸਕਦਾ ਏਂ,
ਜਲਾਵਤਨ ਕਰ ਸਕਦਾ ਏਂ, ਤਸੀਹੇ ਦੇ ਸਕਦਾ ਏਂ
ਪਰ ਤੂੰ ਭਾੜੇ ਦੀਆਂ ਰਫ਼ਲਾਂ ਦੇ ਪਹਿਰੇ ਵਿਚ ਸੌਂ ਨਹੀਂ ਸਕਦਾ
ਜਦ ਕਿ ਮੈਂ ਆਪਣੇ ਵਤਨ ਦੀ ਗੋਦ ਵਿੱਚ ਰਹਿੰਦਾ ਹਾਂ।
(ਪਾਬਲੋ ਨਰੂਦਾ)
-"ਫ਼ਰਾਰ" 'ਚੋਂ-

ਦਸਾਂ ਨਹੁੰਆਂ ਦੀ ਕਿਰਤ ਤੁਸਾਂ ਦੀ
ਜੇ ਉਹ ਤੁਸਾਂ ਦੇ ਹੱਥੋਂ ਖੋਂਹਦੇ
(ਜੋ ਤੁਸੀਂ ਨਿਤ ਹੀ ਰੋਂਦੇ!)
ਤਾਂ ਤੁਸਾਂ ਦੇ ਹੱਥਾਂ ਤੋਂ ਛੁੱਟ
ਹਰ ਚੀਜ਼ ਸਭ ਕੂੜ ਪਸਾਰਾ
ਜ਼ਬਰ ਜ਼ੁਲਮ ਦੇ ਲੁਟ ਰਾਜ ਨੂੰ
ਸਦਾ ਵਾਸਤੇ ਅੰਤ ਕਰਨ ਲਈ
ਹੱਥ ਆਪਣੇ ਹੁਣ ਹੋਰ ਨਾ ਰੋਕੋ
ਜਦ ਕਿ ਇਹ ਥੋੜ੍ਹਾ ਹੀ ਜੀਉਣਾ
ਜਦ ਕਿ ਇਹ ਸੰਸਾਰ ਸੁਹਾਣਾ
ਚੱਲਣ ਹਾਰਾ!
(ਨਾਜ਼ਮ ਹਿਕਮਤ)
-"ਹੱਥ ਤੁਸਾਂ ਦੇ" 'ਚੋਂ-

ਮੈਂ ਜ਼ਹਿਰੀਲੇ ਨਾਗ ਦਾ ਫ਼ਨ ਹਾਂ
ਮੈਂ ਉਸੇ ਦਿਨ ਹੀ ਟਿਕਾਂਗਾ
ਜਦੋਂ ਮਜ਼ਲੂਮਾਂ ਦੀ ਫ਼ਰਿਆਦ ਅੰਬਰ ਵਿੱਚ
ਨਾ ਗੂੰਜੇਗੀ,
ਜਦੋਂ ਮੈਦਾਨ-ਏ ਜੰਗ ਵਿੱਚ
ਤਲਵਾਰਾਂ ਤੇ ਖੰਜਰਾਂ ਦੇ ਖ਼ੌਫ਼ਨਾਕ ਗੀਤ
ਸੁਣਾਈ ਨਹੀਂ ਦੇਣਗੇ।
ਕਹਿਦੇ ਐ ਜਵਾਂ ਮਰਦ
ਕਹਿਦੇ ਕਿ ਮੈਂ ਸਰ-ਬੁਲੰਦ ਹਾਂ।
(ਨਜ਼ਰੁਲ ਇਸਲਾਮ)
-"ਬਾਗ਼ੀ" 'ਚੋਂ-

# ਕੈਨੇਡਾ ਦੇ ਕਵੀ:

## ਚਿੱਕੜ

ਗੁਰਚਰਨ ਰਾਮਪੁਰੀ

'ਸਾਰੀ ਦੁਨੀਆਂ ਦੇ ਕਾਮੇ ਇੱਕ ਮੁੱਠ ਹੋ ਜਾਓ
ਤੁਹਾਡੇ ਦੁਖ ਤੇ ਸੁਖ ਸਾਂਝੇ ਹਨ।'
ਇਸ ਕਥਨ ਦੀ ਖ਼ੂਬਸੂਰਤੀ ਮਾਣ ਰਿਹਾ ਮੈਂ
ਰਵਾਂ-ਰਵੀਂ ਤੁਰਿਆ ਜਾਂਦਾ ਸਾਂ।

ਕਿਸੇ ਅਚਾਨਕ ਮਾਰਿਆ ਮੋਢਾ,
ਦਾਰੂ ਦੀ ਤਿੱਖੀ ਬੋ ਆਈ,
ਤੇਜ਼ਾਬੀ ਸ਼ਬਦਾਂ ਦੀ ਵਾਛੜ ਕੰਨੀਂ ਵੱਜੀ,
ਮੈਂ ਤੱਕਿਆ ਇਕ ਗੋਰੇ ਮੂੰਹ ਤੇ
ਨਸਲੀ ਨਫ਼ਰਤ ਭਰੀ ਗਾਲ਼ ਦਾ ਚਿੱਕੜ ਵਗਦਾ।

ਪਲ ਵਿੱਚ ਗੁੱਸੇ ਨੇ ਫਣ ਚੁੱਕਿਆ
ਦੂਜੇ ਪਲ ਵਿੱਚ ਤਰਸ ਜਾਗਿਆ।
ਬੋਲ ਮਿਰੇ ਦੇ ਜਨਮੋਂ ਪਹਿਲਾਂ
ਮੇਰੇ ਮਿਲ ਦਾ ਕੰਮੋਂ-ਹਟਿਆ ਸਾਥੀ ਕਾਮਾ
ਠੇਡੇ ਧੱਕੇ ਧੌੜੇ ਖਾਂਦਾ
ਢੱਠੀ ਜਹੀ ਕੰਧ ਨੂੰ ਫੜਕੇ ਲੁੜਕ ਗਿਆ ਸੀ। •

## ਹਿੰਦੁਸਤਾਨ ਦੀ ਹੱਦ ਵਿੱਚ ਇੰਫਾਲ ਦੇ ਰਾਹ ਉੱਤੇ 1944

ਗਿ: ਕੇਸਰ ਸਿੰਘ ਨਾਵਲਿਸਟ

ਮਾਂ! ਤੇਰੀ ਛਾਤੀ ਦੇ ਜ਼ਖ਼ਮ
ਅਜੇ ਅੱਲੇ ਸਨ-
ਕਿ ਹੋਰ ਧਾੜਵੀ ਨੇ
ਆ ਹਮਲਾ ਕੀਤਾ।
ਤੂੰ ਰੋਂਦੀ ਰਹੀ
ਕੁਰਲਾਂਦੀ ਰਹੀ।
ਤੇਰੇ ਪੁੱਤ, ਨਿਪੁੱਤੇ ਹੋ ਕੇ
ਧਾੜਵੀ ਦਾ ਸਾਥ ਦੇਂਦੇ ਰਹੇ।
ਅਸੀਂ ਨਿੱਕੇ ਨਿੱਕੇ ਬੱਚੇ
ਯਤੀਮ ਹੋ ਗਏ ਸਾਂ।
ਹੁਣ ਅਸਾਂ ਪਰਦੇਸੀ ਹਾਕਮਾਂ
ਤੇ ਉਨ੍ਹਾਂ ਦੇ ਹਾਮੀ
ਵੱਡੇ ਵੱਡੇ ਭਰਾਵਾਂ ਦੇ ਉਲਟ
ਹਥਿਆਰ ਚੁਕ ਲਏ ਹਨ।
ਸਾਡੀ ਉਡੀਕ ਕਰ,
ਅਸੀਂ ਆਏ ਕਿ ਆਏ
ਪਰਭਾਤ ਹੋ ਰਹੀ ਹੈ।
ਨਵਾਂ ਸੂਰਜ ਚੜ੍ਹੇਗਾ
ਜ਼ਰੂਰ ਚੜ੍ਹੇਗਾ
ਮੇਰੀ ਮਾਂ!

## ਅੱਗ ਦੇ ਰੂਪ

(ਅਜਮੇਰ ਸਿੰਘ ਰੋਡੇ)

ਅੱਗ ਦੇ ਜਿਸ ਰੂਪ ਦੀ ਤੂੰ ਗੱਲ ਕੀਤੀ ਹੈ
ਕੱਲ੍ਹ ਕੁੱਤੇ ਨੇ ਵੀ ਉਸਦਾ ਜ਼ਿਕਰ ਕੀਤਾ ਸੀ
ਤੇ ਜਦੋਂ ਮੈਂ ਬਲਦ ਦੀਆਂ ਅੱਖਾਂ ਵਿਚੋਂ ਨੀਝ ਲਾ ਕੇ ਵੇਖਿਆ
ਉਨ੍ਹਾਂ ਵਿਚੋਂ ਵੀ ਏਸੇ ਅੱਗ ਦੇ ਠੰਡੇ ਹੋਣ ਦਾ ਰੋਸ ਸੀ।

ਹਾਸਾ ਆਉਂਦਾ ਹੈ ਜਦੋਂ
ਵੱਛੇ ਨੂੰ ਖੱਸੀ ਕਰਕੇ ਆਪ ਉਸੇ ਅੱਗ ਦੀਆਂ ਡੀਂਗਾਂ ਮਾਰਦੇ ਹੋ।
ਮੈਂ ਨਹੀਂ ਕਹਿੰਦਾ ਵੱਛਿਆਂ ਤੋਂ ਬਲਦ ਬਣ ਜਾਓ
ਪਰ ਜਦੋਂ ਤੁਸੀਂ
ਮੁੜ ਮੁੜ ਸ਼ਹਿਦ ਨੂੰ ਮਿੱਠਾ ਕਹਿੰਦੇ ਹੋ, ਸੂਰਜ ਨੂੰ ਤਪਦਾ ਦੱਸਦੇ ਹੋ
ਕੰਡੇ ਨੂੰ ਤਿੱਖਾ ਕਹਿੰਦੇ ਹੋ ਤਾਂ ਇਸ ਵਿਚ ਕਿਹੜੀ ਨਵੀਂ ਗੱਲ ਕਰਦੇ ਹੋ?

ਅੱਗ ਦੇ ਜਿਸ ਤੱਤੇ ਰੂਪ ਦੀ ਤੂੰ ਗੱਲ ਕੀਤੀ ਹੈ
ਉਸ ਵਿਚ ਤਾਂ ਧਰਤੀ ਦਾ
ਹਰ ਪਸ਼ੂ-ਪੰਛੀ ਮਖ਼ਮੂਰ ਹੋ ਉਠਦਾ ਹੈ
ਅੱਗ ਦੇ ਕਿਸੇ ਨਵੇਂ ਰੂਪ ਦੀ ਗੱਲ ਕਰ
ਪਸ਼ੂਓ ਅੱਗੇ
ਕੋਈ ਬੰਦਿਆਂ ਵਾਲੀ ਗੱਲ ਕਰ!

## ਸੁਪਨ-ਭੋਗੀ

(ਰਵਿੰਦਰ ਰਵੀ)

ਤੁਰੇ ਸਾਂ ਪਕੜ ਕੇ ਹੱਥ ਵਿਚ-ਛਣਕਾ
ਤੋੜ ਕੇ ਬਰਤਨ
ਤੇ ਸਾਡੇ ਜ਼ਿਹਨ ਅੰਦਰ ਸੀ ਹਿਮਾਲਾ
ਅੱਗ ਦੇ ਭਾਂਬੜ
ਇਹ ਕੈਸਾ ਮੇਲ ਹਿੰਮ ਅੱਗ ਦਾ!
ਕਿਹਾ ਸੁਪਨਾ!
ਚੱਲੇ ਸਾਂ ਟੁੱਟ ਕੇ ਤੋੜਨ ਨਜ਼ਰ-ਸੀਮਾ
'ਚ ਜੁ ਆਵੇ
ਅਸੀਂ ਖ਼ੂੰਖਾਰ ਪਿੰਜਰੇ-ਬੰਦ, ਸੁਤੰਤਰ
ਝਪਟ ਲਈ ਤਤਪਰ
ਨਾ ਬਣਿਆ ਜੁ ਨਹੀਂ ਹੈ ਗ਼ਮ ਕੋਈ ਉਸਦਾ
ਅਤੇ ਜੁ ਸੀ
ਉਸੇ ਨੂੰ ਤੋੜ ਦੰਦਣ ਵਿਚ ਭਲਾ ਸਮਝੇ
ਅਸੀਂ ਸਿਰਫਿਰੇ
ਨਾ ਮੁਲ ਪਾ ਸਕੇ, ਨਾ ਦੇ, ਵਿਫਲ ਕਿਰਿਆ
ਕਿਹਾ ਜੀਵਨ?
ਪੜੁਤੀ ਸੂਲ ਵਿਚ ਤਿਤਲੀ ਬਣੀ ਦੀਵਾਰ, ਨਾ ਦਰ,
ਜਦੋਂ ਚੁਮੀ
ਅਸੀਂ ਬਿਜਲੀ ਦੀਆਂ ਤਾਰਾਂ ਤੇ ਚਮਗਿੱਦੜ
ਬਣੇ ਲਟਕੇ!

## ਪੰਧ-ਸੂਚਕ

(ਉੱਜਲ ਦੋਸਾਂਝ)

ਕਵਿਤਾ ਦੀ ਸ਼ੈਲੀ
ਕਵਿਤਾ ਦਾ ਵਿਸ਼ਾ-ਵਸਤੂ
ਸਮਿਆਂ ਦੇ ਨਾਲ ਬਦਲਦੇ ਨੇ।
ਹਰ ਨਵਾਂ ਵਿਸ਼ਾ-ਵਸਤੂ
ਪੁਰਾਣੀ ਸ਼ੈਲੀ ਨੂੰ ਕਤਲ ਕਰਕੇ
ਕਵੀ ਦੇ ਸਹਾਰੇ
ਉਸ 'ਚੋਂ ਨਵੀਂ ਸ਼ੈਲੀ ਘੜਦਾ ਹੈ।

ਕਵੀ ਦਾ ਫ਼ਰਜ਼ ਹੈ
ਸ਼ੈਲੀ-ਘਾੜੇ ਦੇ ਨਾਤੇ
ਵਿਸ਼ਾ-ਵਸਤੂ ਤੇ ਸ਼ੈਲੀ ਨੂੰ ਇਸ ਤਰ੍ਹਾਂ ਜੋੜੇ
ਕਿ ਕਵਿਤਾ
ਲੋਕਾਂ ਦੇ ਵਿਦਰੋਹ ਦਾ
ਪੰਧ-ਸੂਚਕ ਬਣ ਜਾਵੇ!

## ਦਿਲ ਦੇ ਟੁਕੜਿਓ

(ਸੁਰਿੰਦਰ ਧੰਜਲ)

ਦਿਲ ਦੇ ਟੁਕੜਿਓ!
ਉਦਾਸ ਨਾ ਹੋਵੋ
ਸਫ਼ਰ ਦੇ ਪਹਿਲੇ ਪੜਾਅ ਤੇ
ਆਪਣਾ ਟੁਕੜੇ ਟੁਕੜੇ ਹੋਣਾ
ਕਿਉਂ ਯਾਦ ਆਇਐ!
ਬਹੁਤ ਕਿਸਮਾਂ ਹੁੰਦੀਆਂ ਹੱਥਾਂ ਦੀਆਂ
ਬੇਗੁਨਾਹ ਗੁਨਾਹਗਾਰ ਹੱਥਾਂ ਨੂੰ ਕਹੋ
'ਹਰ ਟੁਕੜੇ 'ਚੋਂ ਜਨਮਦਾ ਹੈ
ਇਕ ਨਵਾਂ ਸਾਬੂਤਾ ਦਿਲ
ਦੂਰ ਨਾ ਪੈਰਾਂ ਤੋਂ ਕਰੇ ਮੰਜ਼ਿਲ!'

ਜਾਓ! ਵਿਛ ਜਾਓ ਉਨ੍ਹਾਂ ਕਦਮਾਂ 'ਚ
ਕਿਸੇ ਦੀ ਰੂਹ ਨੂੰ ਤਸੱਲੀ ਮਿਲੇ
ਵਾਰ ਦੇਵੋ ਬੁਲਬੁਲੇ ਇਹ ਵਲਵਲੇ
ਹੋਵਣ ਤੁਰਦੇ ਜ਼ਿੰਦਗੀ ਦੇ ਕਾਫ਼ਿਲੇ!!

ਜਾਓ! ਕਿਸੇ ਨੂੰ ਭੁੱਖ ਲੱਗੀ ਹੈ
ਚਲੋ ਇਕ ਡੰਗ ਹੀ ਸਹੀ
ਪੇਟ ਦੀ ਅੱਗ ਤਾਂ ਬੁਝੇ
ਕੋਈ ਦਿਲ ਜਿਉਂਦਾ ਰਹੇ
ਕਹਿ ਸਕੋਗੇ ਬਹੁਤ ਕੁਝ ਇਉਂ ਅਣਕਹੇ!!!

ਜਾਓ! ਕਿ ਕੋਈ ਪਿਆਸਾ ਹੈ
ਫਿਰ ਨੁਚੜੇ-ਖ਼ੂਨ ਦੀਆਂ
ਬੂੰਦਾਂ ਦਾ ਮੋਹ ਹੈ ਕਿਸ ਲਈ?
ਬਹੁਤ ਸ਼ੋਰ ਸੁਣ ਲਿਐ
ਸੀਨੇ ਦੇ ਵਿੱਚ
ਜੋ ਇਕ ਦੋ ਕਤਰੇ ਹਨ — ਵਗਾ ਦਿਓ!
ਜ਼ਿੰਦਗੀ ਦਾ ਅਮਲ ਕੁਝ ਗਰਮਾ ਦਿਓ!!
ਕੁਝ ਕਦਮ ਤਾਂ ਟੁਕੜਿਓ, ਰੁਸ਼ਨਾ ਦਿਓ!!!

## ਚਿਤਾਵਣੀ

(ਸਾਧੂ)

ਜੇ ਮੇਰੀਆ
ਗਿਆਨ-ਇੰਦਰੀਆਂ
ਬਣ ਜਾਂਦੀਆਂ ਹਨ
ਰਡਾਰ, ਮੈਂ
ਲਭਦਾ ਹਾਂ
ਚੇਹਰਿਆਂ ਤੋਂ
ਹਵਾ ਵਿੱਚ ਫਿਰਦੇ
ਬੋਲਾਂ ਤੋਂ
ਆਪਣੀ ਹੱਤਕ ਦਾ
ਪਰਮਾਣ, ਤਾਂ ਤੁਸੀਂ
ਮੈਨੂੰ ਰੋਗੀ ਦੱਸਦੇ ਹੋ!

ਜੇ ਤੁਹਾਡੀਆ ਪਾਈਆਂ
ਲੀਹਾਂ ਤੇ ਚੱਲਾਂ
ਤਾਂ ਮੂਰਖ
ਨਵੀਆਂ ਲੀਹਾਂ
ਪਾਵਾਂ, ਤਾਂ
ਮੇਰੇ ਮੂੰਹ ਨੂੰ
ਮਸਰਾਂ ਦੀ ਦਾਲ
ਦੱਸਦੇ ਹੋ!!

ਜੇ ਮੈਂ ਤੁਹਾਡੇ
ਤਲਵਾਰਾਂ ਵਰਗੇ ਬੋਲ
ਚੁੱਪ ਚਾਪ
ਪੀ ਜਾਵਾਂ ਤਾਂ
ਡਰਾਕਲ - ਕਾਲਾ ਹਮਾਮੀ
ਜੇ ਅੱਗੋਂ
ਡਟ ਕੇ
ਤੁਹਾਡੇ ਬੂਥੇ 'ਚ
ਦੇਵਾਂ
ਤੁਹਾਡੇ ਹੀ ਬੋਲ, ਤਾਂ
ਮੈਨੂੰ ਧਾੜਵੀ
ਦੱਸਦੇ ਹੋ!!!

ਮੈਨੂੰ ਸਦਾ
ਕੁਝ ਨਾ ਕੁਝ
ਦੱਸਣ ਵਾਲਿਓ,
ਆਪਣੀ ਪੀੜ੍ਹੀ ਥੱਲੇ
ਫੇਰੋ ਖਾਂ
ਆਪਣੀ ਜ਼ਬਾਨ
ਫੇਰ ਦੇਖਾਂਗੇ
ਤੁਸੀਂ ਮੈਨੂੰ
ਕੀ ਦੱਸਦੇ ਹੋ?

## ਖ਼ੁਦ-ਫ਼ਰੇਬੀ

(ਸੁਰਜੀਤ ਕਲਸੀ)

ਰਥ ਅਡੰਬਰ "ਮੈਂ" ਦਾ
ਹਉਂ ਦੀ ਤ੍ਰਿਪਤੀ ਭਾਲਣ ਵਾਲੇ
ਹਰੇ ਭਰੇ ਖੇਤਾਂ ਨੂੰ ਪਹਿਲਾਂ
ਰੋਗੀ ਦਾ ਨਾਂ ਦੇ ਲੈਂਦੇ
ਸਿੰਡ ਵਾਂਗ ਫਿਰ ਉਥੇ
ਪ੍ਰਧਾਨ ਹੋ ਜਾਂਦੇ ਆਪੇ

ਨੰਗ ਢਕਣ ਲਈ
ਘਟੀਆਪਨ ਆਪਣੇ ਦੇ ਅਹਿਸਾਸ ਦਾ
ਭਰ ਇਕ ਚੂਲੀ
ਅਗਲੇ ਦੇ ਜ਼ਿਹਨ 'ਚੋਂ
ਜ਼ਿਹਨ ਆਪਣੇ 'ਚ ਪਲਟ ਲੈਂਦੇ
ਜੜੂ ਇਕ ਲੱਤ ਅਗਲੇ ਦੇ ਮੌਰਾਂ 'ਚ
ਇਕ ਛਿੱਪਰ ਲਾਹ ਕੇ ਉਸਦੀ ਹੋਂਦ ਦੀ
"ਮੈਂ" ਆਪਣੀ 'ਤੇ ਮੁਕਟ ਸਜਾਕੇ
ਹਿੜ ਹਿੜ ਹੀ ਹੀ ਕਰਦੇ ਫਿਰਦੇ

ਮਾਣੀ ਅਣਮਾਣੀ
ਡਿੱਠੀ ਅਣਡਿੱਠੀ
ਜਾਣੀ ਅਣਜਾਣੀ ਹਰ ਗੱਲ ਨੂੰ
ਉਹ ਪ੍ਰੋਸ ਕੇ "ਮੈਂ" ਦੀ ਥਾਲੀ ਵਿੱਚ
ਹਉਂ ਦਾ ਉੱਤੇ ਵਰਕ ਲਗਾਕੇ
ਪੇਸ਼ ਫਿਰ ਇੰਞ ਕਰ ਦੇਂਦੇ
ਕਿ ਦੰਗ ਰਹਿ ਜਾਂਦਾ ਹਰ ਸੰਪਰਕੀ
ਤੱਕ ਉਨ੍ਹਾਂ ਦੇ ਈਮਾਨ ਦੀ ਬਰਕੀ

ਦੰਭ ਦੀ ਨਬਜ਼ ਗੁਆਚੀ ਰਹਿੰਦੀ;
ਹਉਂ ਦੀ ਤ੍ਰਿਪਤੀ ਹੁੰਦੀ ਰਹਿੰਦੀ।

## ਤਲਾਸ਼

(ਗੁਰਮੀਤ ਛੀਨਾ)

ਮੈਂ ਹਰ ਦਰ ਤੇ ਜਾਵਾਂਗੀ
ਖ਼ੁਸ਼ੀ ਦੀ ਤਲਾਸ਼ ਵਿੱਚ...
ਜ਼ਿੰਦਗੀ ਦੀ ਤਲਾਸ਼ ਵਿੱਚ...
ਰੌਸ਼ਨੀ ਦੀ ਤਲਾਸ਼ ਵਿੱਚ...

ਮੈਂ ਜਾਣਦੀ ਹਾਂ
ਹਰ ਘਰ ਵਿੱਚੋਂ ਮੈਨੂੰ
ਕੁਝ ਦੀਗਨ ਬਿਰਹੇ
ਫਟੀਆਂ ਫਟੀਆਂ ਨਜ਼ਰਾਂ ਤੇ
ਚੁੱਪ ਚੁਪ ਸ਼ਿਕਵੇ ਮਿਲਣਗੇ

ਮੈਂ ਇੰਨ੍ਹਾਂ ਸਭ ਚਿਹਰਿਆਂ ਨੂੰ
ਬਾਹਰ ਲਿਆਵਾਂਗੀ ਧੂਹ ਕੇ
ਘਰ ਦੀਆਂ ਰੌਸ਼ਨੀਆਂ 'ਚੋਂ ਲੰਘਾਕੇ
ਸੂਰਜ ਸਾਹਮਣੇ ਕਰਾਂਗੀ
ਤੇ ਕਹਾਂਗੀ
ਲਓ ਹਿਸਾਬ ਮੈਥੋਂ
ਉਨ੍ਹਾਂ ਸਭ ਦਿਨਾਂ ਦਾ
ਜਦੋਂ ਹਨੇਰੇ ਨੇ ਤੁਹਾਡੀਆ
ਅੱਖਾਂ ਅੰਨੀਆਂ ਕੀਤੀਆਂ ਸਨ
ਤੇ ਮੈਂ ਤੁਰ ਪੈਂਦੀ ਹਾਂ –
ਅਜਬ ਦੀਵਾਨਗੀ ਵਿੱਚ

ਦੀਵਾਨਗੀ ਹੀ ਸਹੀ,
ਮੈਂ ਹਰ ਦਰ ਤੇ ਜਾਵਾਂਗੀ
ਗ਼ਮਾਂ ਦੇ ਜ਼ਖ਼ਮ ਵਿਖਾਵਾਂਗੀ
ਖ਼ੁਸ਼ੀ ਦੀ ਤਲਾਸ਼ ਵਿੱਚ...
ਜ਼ਿੰਦਗੀ ਦੀ ਤਲਾਸ਼ ਵਿੱਚ...
ਰੌਸ਼ਨੀ ਦੀ ਤਲਾਸ਼ ਵਿੱਚ...

## ਸ਼ਾਂਤੀ ਦੇ ਪੁਜਾਰੀ

(ਸੁਰਿੰਦਰ ਜਟਾਣਾ)

ਪੰਚ-ਸ਼ੀਲ ਦਾ ਜੰਮਣ ਦਾਤਾ
ਅਮਨਾਂ ਦਾ ਇਹ ਪਹਿਰੇਦਾਰ!?!
ਸ਼ਾਂਤੀ ਦਾ ਹੈ ਇਹੋ ਪੁਜਾਰੀ
ਕਰਦਾ ਨਹੀਂ ਕਿਸੇ ਤੇ ਵਾਰ!?!
'ਜੀਓ ਅਤੇ ਜਿਉਣ ਦਿਉ' ਜੀ
ਇਸਦਾ ਸਭ ਤੋਂ ਵੱਡਾ ਨਾਹਰਾ।
(ਪਰ) ਜੇ ਮਜ਼ਦੂਰ ਨੇ ਜਲਸਾ ਕਰੇ
(ਤਾਂ) ਡਾਗਾਂ ਦੇ ਨਾਲ ਹੋਵੇ ਨਿਤਾਰਾ।
ਫੜ ਜੇਲਾਂ ਦੇ ਅੰਦਰ ਡੱਕਣ
ਰੇਲ ਵਾਲੇ ਜੇ ਮੰਗਣ ਰੋਟੀ।
ਧਨੀਆਂ ਵੱਲ ਨਹੀਂ ਉਂਗਲ ਕਰਨੀ
ਨਿਰਧਨ ਲਈ ਬੰਦੂਕ ਤੇ ਸੋਟੀ
ਵਿਦਿਆਰਥੀਆਂ ਦੀ ਚਮੜੀ ਲਾਹਕੇ
ਮਾਂ ਪਿਉ ਨੂੰ ਵੀ ਤੰਗ ਨੇ ਕਰਦੇ।
ਜਿਹੜੇ ਹੱਥੋਂ ਨਿਕਲ ਜਾਂਦੇ
ਉਹ ਅਣਆਈਆਂ ਮੌਤਾਂ ਮਰਦੇ।
ਕੇਸ 'ਖ਼ੂਨ' ਦਾ ਬਣੇ ਕਿਸੇ ਤੇ,
ਕੋਈ 'ਡਾਕੇ' ਦਾ ਜ਼ਿੰਮੇਵਾਰ।
ਘੜਕੇ ਝੂਠਾ 'ਪੁਲਸ-ਟਾਕਰਾ'
ਨਿਰਦੋਸ਼ਿਆਂ ਨੂੰ ਦਿੰਦੇ ਮਾਰ।
ਲੇਬਲ ਸ਼ਾਂਤੀ ਦਾ ਹੈ ਲੱਗਾ
ਐਵੇਂ ਫੋਸੜ ਕਰਨ ਵਿਖਾਲਾ।
ਗਲ ਮਿਹਨਤ ਦਾ ਘੁੱਟਿਆ ਜਾਂਦੈ
ਮੌਜ ਮਾਣਦਾ ਦੌਲਤ ਵਾਲਾ।

## ਗ਼ਜ਼ਲ

(ਰਮਜੀਤ ਧੁਮਾਣ)

ਦੋਸਤਾ ਬੁਰਾ ਹੈ ਹਾਲ ਕੀ ਪੁਛਦੈਂ!
ਹੁਣ ਜੀਣਾ ਹੈ ਮੁਹਾਲ ਕੀ ਪੁਛਦੈਂ!
ਮੋਹ ਵਾਂਝੇ ਇਸ ਝੂਠੇ ਜੱਗ ਤੇ,
ਦੋਸਤੀ ਬਣੀ ਜੰਜਾਲ ਕੀ ਪੁਛਦੈਂ!
ਅਰਮਾਨਾਂ ਦੇ ਖੰਡਰ ਖ਼ੁਸ਼ਕ ਨੇ,
ਨਾ ਹੀ ਮੇਚ ਹੈ ਤਾਲ ਕੀ ਪੁਛਦੈਂ!
ਹੱਥ ਫੁੱਲਾਂ ਤੋੜੀ ਕੀਕਣ ਚੜ੍ਹੂ ਜਦ
ਕੰਡਿਆਂ ਭਰੀ ਹੈ ਡਾਲ ਕੀ ਪੁਛਦੈਂ!
ਪਲਕਾਂ ਗਿੱਲੀਆਂ ਸਨ ਜੋ ਹਸਦੀਆਂ
ਬਦਲ ਗਈਆਂ ਨੇ ਚਾਲ ਕੀ ਪੁਛਦੈਂ!
ਸੱਭ ਕੁਝ ਲੁਟਾਇਆ ਦਿਲ ਨੇ ਪੱਲੇ
ਰੇਹ ਗਿਆ ਨਾ ਮਾਲ ਕੀ ਪੁਛਦੈਂ।
ਸਾਰੇ ਹੀ ਮੁੱਖ ਫੇਰਨ ਲੱਗ ਪਏ,
ਕੱਲੇ ਨਾ ਕੋਈ ਖ਼ਿਆਲ ਕੀ ਪੁਛਦੈਂ
ਦਿਨੋਂ ਦਿਨ ਹਸ਼ਰ ਮਾੜਾ ਹੋ ਰਿਹੈ
ਬੱਸ ਏਹੋ ਸਾਡਾ ਹਾਲ ਕੀ ਪੁਛਦੈਂ।

## ਖ਼ੁਦਾ ਦਾ ਵਾਸਤਾ

(ਊਧਮ ਅਖ਼ਤਰ)

ਤੋੜਕੇ ਦਿਲ ਨਾ ਜਾਹ ਯਾਰ, ਹੈ ਖ਼ੁਦਾ ਦਾ ਵਾਸਤਾ।
ਖ਼ਤਮ ਨਾ ਕਰ ਇਹ ਨਜ਼ਾਰ, ਹੈ ਖ਼ੁਦਾ ਦਾ ਵਾਸਤਾ।
ਮਿਹਰ ਦੀ ਮਿੱਠੀ ਨਜ਼ਰ, ਏਧਰ ਵੀ ਪਾ ਜਾਇਆ ਕਰੋ
ਮਿੰਨਤ ਕਰਦਾ ਦਿਲ ਵਿਚਾਰਾ, ਹੈ ਖ਼ੁਦਾ ਦਾ ਵਾਸਤਾ।
ਰੋਕ ਪਾਕੇ ਧਰਮ ਦੀ, ਨਾ ਰੋਕ ਮੈਨੂੰ ਪੀਣ ਤੋਂ,
ਤੋੜ ਨਾ ਮੇਰਾ ਸਹਾਰਾ, ਹੈ ਖ਼ੁਦਾ ਦਾ ਵਾਸਤਾ।
ਸਾਕੀਆ ਖ਼ਾਲੀ ਨਾ ਮੋੜੀਂ ਪਾਦੇ ਭਾਵੇਂ ਘੁੱਟ ਹੀ,
ਆ ਗਿਆ ਹਾਂ ਮੈਂ ਦੁਬਾਰਾ, ਹੈ ਖ਼ੁਦਾ ਦਾ ਵਾਸਤਾ।
ਯਾਦ ਵੀ ਆਪਣੀ ਤੂੰ ਆਪਣੇ ਨਾਲ ਹੀ ਲੈ ਜਾ ਕਿਤੇ,
ਜਾਂ ਨਾ ਕਰ ਮੈਥੋਂ ਕਿਨਾਰਾ, ਹੈ ਖ਼ੁਦਾ ਦਾ ਵਾਸਤਾ।

## ਕੀ ਹੋਇਐ...!

(ਲਖਬੀਰ ਜਟਾਣਵੀ)

ਕੀ ਹੋਇਐ, ਜੇ ਤੂੰ ਮਹਿਲੀਂ ਵਸਦੈਂ,
ਕਿਉਂ ਗਰੀਬ ਦੀ ਕੁੱਲੀ ਢਾਉਂਦਾ ਏਂ!
ਤੇਰੀ ਸ਼ਾਨ ਨੂੰ ਕੋਈ ਨਹੀਂ ਫ਼ਰਕ ਪੈਂਦਾ,
ਕਿਉਂ ਏਹਨੂੰ ਖ਼ਾਕ ਰਲਾਉਂਦਾ ਏਂ!
ਤੂੰ ਬੰਦਾ, ਮੈਂ ਵੀ ਬੰਦਾ ਹਾਂ,
ਪਰ ਮੱਥਾ ਅੱਡੋ ਅੱਡੀ ਏ;
ਕੀਤੀ ਤੇ ਖ਼ੁਦ ਪਛਤਾਏਂਗਾ,
ਕਿਉਂ ਤੇਲ ਬਲਦੀ ਤੇ ਪਾਉਂਦਾ ਏਂ!
ਚੁਪ ਕਰ ਜਾ! ਮੋਤੀ ਬਿਖਰ ਜਾਣਗੇ,
ਸੰਭਲ ਜਾਣਾ ਤੈਨੂੰ ਚੰਗਾ ਹੈ;
ਇਸ ਪਿਆਰ ਦੀ ਚਿੱਟੀ ਚਾਦਰ ਨੂੰ,
ਕਿਉਂ ਗੂੜ੍ਹੇ ਦਾਗ਼ ਲਗਾਉਂਦਾ ਏਂ!
ਦੁੱਧ ਦੁੱਧ ਤੇ ਪਾਣੀ ਪਾਣੀ ਹੈ,
ਕਿਉਂ ਆਪਣੀ ਕਦਰ ਘਟਾਉਂਦਾ ਏਂ!

Phone:
321-2472

TARLOK SABLOK
SHABNAM SABLOK

ਗਲੋਬ
ਸਪਾਈਸਜ਼
ਐਂਡ
ਫੂਡਜ਼

ਜਿਥੇ
ਹਰ ਕਿਸਮ ਦੀ ਭਾਰਤੀ ਗਰੋਸਰੀ
ਪੁਸਤਕਾਂ ਤੇ ਟੇਪਾਂ ਮਿਲ ਸਕਦੀਆਂ
ਹਨ। ਵਿਆਹ- ਸ਼ਾਦੀਆਂ ਅਤੇ ਹੋਰ
ਵਿਸ਼ੇਸ਼ ਸਮਾਗਮਾਂ ਸਮੇਂ ਭਾਰੀ ਰਿਆਇਤ
ਦਿੱਤੀ ਜਾਂਦੀ ਹੈ!

# GLOBE SPICES & FOODS

6695 Fraser (51st Ave.),
Vancouver, B.C.

Dalls, Rice, Spices, Pickles, Chutneys, Murrabas, Papads, Warian. All types of flours, Snacks, Rewdi, Gur, Almond, Pista, Cashews, Nuts, Fresh Vegetables and hundreds of other grocery items.

Also Punjabi and Hindi Books, Musical Tapes -Songs and Kirtan.

Special discounts for marriages, Religious ceremonies and bulk orders. For out of town orders — Special shipping arrangements.

MON. to THURSDAY — 9.30 to 7.00 P.M.
FRIDAY — 9.30 to 9.00 P.M.
SUNDAY — 12.00 to 4.00 P.M.

# Congratulations & Best Wishes to

# THE WATNO DUR

ON COMPLETION OF ② YEARS



FROM

# HARPAL TOOR

OF

**MELTON**

FORMERLY A. E. AUSTIN

1435 Kingsway, Vancouver, B.C.

Mobile radio 38

**OFF:879-7571 RES: 524-9848**

# ਪਹਿਰੇਦਾਰ

ਗੁਰਦੀਪ ਗਰੇਵਾਲ
(ਵਤਨੋਂ ਦੂਰ ਆਰਟ ਫਾਊਂਡੇਸ਼ਨ)

ਨਾਂ ਹੀ ਮੈਨੂੰ ਪੜ੍ਹਨ ਦਿੰਦੇ ਸਨ ਨਾਂ ਹੀ ਸੌਣ। ਅਜੀਬ ਹਾਲਤ ਸੀ ਮੇਰੀ। ਨਾਂ ਹੀ ਮੈਂ ਕਿਸੇ ਕੋਲ ਆਪਣਾ ਦੁੱਖ ਦੱਸ ਸਕਦਾ ਸੀ। ਜੇ ਦਸਦਾ ਤਾਂ ਦੋਸਤ ਆਖਦਾ,"ਤੂੰ ਤਾਂ ਨਾਸਤਕ ਹੁੰਦਾ ਜਾਨਾਂ।"

ਪਟਿਆਲੇ ਵਿੱਚ ਮੈਂ ਇਕ ਅਜੀਬ ਥਾਂ ਤੇ ਕਮਰਾ ਕਿਰਾਏ ਤੇ ਲਿਆ ਹੋਇਆ ਸੀ। ਇਕ ਪਾਸੇ ਗੁਰਦੁਆ-ਰੇ ਵਾਲਿਆਂ ਲਾਊਡ ਸਪੀਕਰ ਲਾਇਆ ਹੋਇਆ ਸੀ ਅਤੇ ਦੂਜੇ ਪਾਸੇ ਸਨਾਤਮ ਧਰਮ ਵਾਲਿਆਂ ਨੇ। ਇਹ ਲੋਕ ਦੋਨੋਂ ਵੇਲੇ ਚੀਕ ਚਿਹਾੜਾ ਪਾ ਕੇ ਇੱਕ ਦੂਜੇ ਨੂੰ ਜਿੱਤਣ ਦੀ ਬਾਜ਼ੀ ਲਾ ਦਿੰਦੇ ਸਨ। ਜਿਸ ਤਰ੍ਹਾਂ ਕਬੱਡੀ ਦੇ ਅਖਾੜੇ ਵਿੱਚ ਖਿਡਾਰੀ ਵਾਰੀ ਵਾਰੀ ਕਬੱਡੀ ਪਾ ਕੇ ਨੰਬਰ ਬਣਾ ਰਹੇ ਹੋਣ। 'ਕੀ ਰੱਬ ਨੂੰ ਯਾਦ ਕਰਨ ਦਾ ਇਹੋ ਤਰੀਕਾ ਹੈ। ਪਰਮਾਤਮਾ ਨੂੰ ਤਾਂ ਪ੍ਰੇਮ ਸਰੂਪ ਆਖਦੇ ਹਨ। ਫਿਰ ਇਹ ਪ੍ਰਦੂਸ਼ਣ ਦਾ ਵਾਤਾਵਰਣ ਕਿਉਂ?' ਪਟਿਆਲੇ ਕਾਫ਼ੀ ਦੇਰ ਇਹਾਂ ਨੌਕਰੀ ਕਰਨ ਲੱਗ ਪਿਆ। ਮੇਰੀ ਮਾਂ ਦੀ ਚਿੱਠੀ ਆਉਂਦੀ ਕਿ ਕਾਕਾ ਤਨਖ਼ਾਹ ਲੈਕੇ ਪਹਿਲਾਂ ਗੁਰਦੁਆਰੇ ਸਵਾ ਪੰਜਾਂ ਦੀ ਦੇਗ ਕਰਾ ਦੇਵੀਂ। ਮੈਂ ਤਨਖ਼ਾਹ ਲੈਕੇ ਗੁਰਦੁਆਰੇ ਪਹੁੰਚਦਾ; ਪੈਸੇ ਰੱਖਕੇ ਮੱਥਾ ਟੇਕਣ ਦੀ ਵਾਰੀ ਆਉਂਦੀ, ਮੈਂ ਉਥੇ ਹੀ ਮੁੱਠੀ ਮੀਚ ਲੈਂਦਾ ਕਿ ਕਿਤੇ ਮੇਰੇ ਹੀ ਪੈਸਿਆਂ ਨਾਲ ਹੋਰ ਲਾਊਡ ਸਪੀਕਰ ਹੀ ਨਾਂ ਲੈ ਆਉਣ।

ਸ਼ਹਿਰ ਦੀ ਜ਼ਿੰਦਗੀ ਤੋਂ ਥੋੜਾ ਜਿਹਾ ਉਕਤਾ ਗਿਆ ਸਾਂ। ਮੈਂ ਬਦਲੀ ਕਰਵਾਕੇ ਆਪਣੇ ਹੀ ਪਿੰਡ ਕੋਲ ਆ ਗਿਆ। ਮੈਂ ਇੰਨਾਂ ਲਾਊਡ ਸਪੀਕਰਾਂ ਦੇ ਕੁਰੱਖਤ ਸ਼ੋਰ ਤੋਂ ਦੂਰ ਹੋ ਗਿਆ। ਮੈਂ ਤਾਂ ਸਵੇਰ ਵੇਲੇ ਪੰਛੀਆਂ ਦੀਆਂ ਸੁਰੀਲੀਆਂ ਆਵਾਜ਼ਾਂ ਅਤੇ ਦੂਰ ਹਲ ਵਾਹੁੰਦੇ ਹਾਲੀਆਂ ਦੀਆਂ ਬੋਲੀਆਂ ਸੁਣਨਾਂ ਚਾਹੁੰਦਾ ਸੀ। ਪਰ ਮੂਸਾ ਭੱਜਿਆ ਮੌਤ ਤੋਂ ਅੱਗੇ ਮੌਤ ਖੜੀ। ਸਾਡੇ ਪਿੰਡ ਵਿੱਚ ਪੰਜ ਮੁਹੱਲੇ ਸਨ ਅਤੇ ਛੇ ਗੁਰਦੁਆਰੇ। ਇੰਨ੍ਹਾਂ ਗੁਰਦੁਆਰਿਆਂ ਤੋਂ ਬਿਨਾਂ ਸਾਡੇ ਦੋ ਪਿੰਡਾਂ ਦੇ ਵਿਚਾਲੇ ਇੱਕ ਬਾਣੀ ਸਾਲਾ ਨੌਜਵਾਨ ਨੇ ਆਪਣੀ ਸਾਰੀ ਜਾਇਦਾਦ ਵੇਚਕੇ ਆਪਣੀ ਭੈਣ ਦੇ ਪਿੰਡ ਪੰਜ ਵਿੱਘੇ ਜ਼ਮੀਨ ਲੈਕੇ ਇੱਕ ਛੋਟੀ ਜਿਹੀ ਕੋਠੜੀ ਪਾਕੇ ਗਰੰਥ ਸਾਹਿਬ ਦੀ ਬੀੜ ਰੱਖ ਲਈ। ਲਓ, ਹੁਣ ਗੁਰਦੁਆਰਿ-ਆਂ ਦੀ ਗਿਣਤੀ ਹੋਰ ਵਧ ਗਈ।

ਇਹ ਬਾਣੀ ਸਾਲਾ ਸੀਤ ਹਿਸ਼ਟ-ਪੁਸ਼ਟ ਸਰੀਰ ਦਾ ਮਾਲਕ ਸੀ। ਦੁੱਧ ਰੰਗੇ ਬਸਤਰ ਪਹਿਨਦਾ। ਜਦੋਂ ਮੂੰਹੋਂ ਬੋਲਦਾ ਤਾਂ ਫੁੱਲ ਕਿਰਦੇ। ਹੌਲੀ ਹੌਲੀ ਦੋਨਾਂ ਪਿੰਡਾਂ ਦੇ ਆਦਮੀ ਤੇ ਔਰਤਾਂ ਇੰਨ੍ਹਾਂ ਦੀ ਕੁਟੀਆ ਗੁਰਬਾਣੀ ਸੁਣਨ ਜਾਣ ਲੱਗ ਪਏ। ਫੇਰ ਹੌਲੀ ਹੌਲੀ ਆਦਮੀਆਂ ਦੀ ਗਿਣਤੀ ਘਟਦੀ ਗਈ ਅਤੇ ਔਰਤਾਂ ਤੇ ਨੌਜਵਾਨ ਕੁੜੀਆਂ ਦੀ ਸ਼ਰਧਾ ਵਧਦੀ ਗਈ। ਜੇ ਕਿਸੇ ਔਰਤ ਦੀ ਮੱਝ ਦੁੱਧ ਨਾਂ ਦਿੰਦੀ ਤਾਂ ਬਾਬਾ ਜੀ ਤਵੀਤ ਕਰ ਦਿੰਦੇ। ਜੇ ਕਿਸੇ ਔਰਤ ਨੇ ਗਵਾਂਢਣ ਨਾਲ ਲੜ ਪੈਣਾਂ ਤਾਂ ਬਾਬਾ ਜੀਆਂ ਤੋਂ ਦੋ ਪਤਾਸੇ ਕਰਵਾਕੇ ਗ-ਵਾਂਢੀਆਂ ਦੇ ਘਰ ਖਿਲਾਰ ਦੇਣੇ।

ਇੱਕ ਦਿਨ ਮੈਂ ਉਸ ਰਾਹ ਦੂਜੇ ਪਿੰਡ ਜਾਣਾ ਸੀ ਤਾਂ ਬਾਬਾ ਜੀਆਂ ਦੀ ਕੁਟੀਆ ਦੇ ਚਾਰ ਬਨੇਰਿਆਂ ਤੇ ਲਾਊਡਸਪੀਕਰ ਦੇਖਕੇ ਮੇਰੇ ਸਾਈਕਲ ਦੇ ਮੂਹਰਲੇ ਟਾਇਰ ਦਾ ਪਟਾਕਾ ਪੈ ਗਿਆ। ਬੱਸ ਫੇਰ ਕੀ ਸੀ... ਅੱਧੀ ਰਾਤ ਦੀ, ਸਵੇਰ ਵੇਲਾ ਕੀ... ਜਿਵੇਂ ਮੇਰੇ ਨਾਲ ਕੋਈ ਦੁਸ਼ਮਣੀ ਹੁੰਦੀ ਹੈ। ਇੱਥੇ ਹੀ ਬੱਸ ਨਹੀਂ, ਇੱਕ ਇੰਗਲੈਂਡ ਤੋਂ ਆਏ ਹੋਏ ਮੇਰੇ ਹੀ ਮਹੱਲੇ ਵਾਲੇ ਨੇ ਆਪਣੀ ਅਮੀਰੀ ਵਿਖਾਉਣ ਲਈ ਗੁਰਦੁਆਰੇ ਨੂੰ ਲਾਊਡ ਸਪੀਕਰ ਲੈ ਦਿੱਤਾ। ਦੇਖੋ ਦੇਖੀ ਸਾਰੇ ਗੁਰਦੁਆਰਿਆਂ ਉੱਤੇ ਲਾਊਡ ਸਪੀਕਰਾਂ ਦਾ ਸ਼ੋਰ ਸ਼ੁਰੂ ਹੋ ਗਿਆ।

ਇਮਤਿਹਾਨ ਦੇ ਦਿਨ ਸਨ। ਕਾਲਜ ਦੇ ਮੁੰਡੇ ਕੁੜੀਆਂ ਵੀ ਕਾਫ਼ੀ ਦੁਖੀ ਸਨ। ਜੇ ਕੁਝ ਕਹਿੰਦੇ ਤਾਂ ਬਜ਼ੁਰਗ ਲੋਕ ਆਪਣੇ ਧਰਮ ਤੇ ਹਮਲਾ ਸਮਝਦੇ।

ਇਕ ਦਿਨ ਬਾਣੀ ਸਾਲਾ ਬਾਬਾ ਜੀ ਅਤੇ ਸਾਡੇ ਮਹੱਲੇ ਦੇ ਗੁਰਦੁਆਰੇ ਵਾਲੇ ਲੋਕਲ ਬੱਸ ਵਿੱਚੋਂ ਉਤਰੇ। 'ਤੂੰ ਤੂੰ ਮੈਂ ਮੈਂ' ਕਰਨ ਲੱਗੇ। ਝਗੜਾ

# ਰੱਖੜੀ

(ਅਮਰਜੀਤ ਚਾਹਲ)

"ਗੁਰਦੇਵ ਸਿਹਾਂ, ਪੁੱਤ ਕੱਠਾ ਨਾ ਕਰ ਟੋਕਰੇ ਈ ਭਰ ਦੇ।" ਉਸਦੇ ਕੰਨੀ ਕਿਸੇ ਔਰਤ ਦੀ ਮਿੱਠੀ ਅਵਾਜ਼ ਪਈ।

ਅਵਾਜ਼ ਤੋਂ ਉਸਨੂੰ ਪਤਾ ਲੱਗ ਗਿਆ ਗੋਹਾ ਚੁਕਣ ਵਾਲੀ ਰੱਜੀ ਆ ਗਈ ਹੈ। ਉਸਨੇ ਇੱਕ ਪਲ ਰੱਜੀ ਵੱਲ ਵੇਖਿਆ ਤੇ ਗੋਹੇ ਦਾ ਟੋਕਰਾ ਭਰਨ ਲੱਗ ਪਿਆ। ਜਦ ਟੋਕਰਾ ਭਰ ਹਟਿਆ ਬੜਾ ਹੈਰਾਨ ਹੋਇਆ। ਰੱਜੀ ਦੀ ਥਾਂ ਉਸਦੀ ਕੁੜੀ ਟੋਕਰਾ ਚੁਕਣ ਵਾਸਤੇ ਤਿਆਰ ਖੜੀ ਸੀ। ਦਿਲ ਵਿੱਚ ਬੜਾ ਖੁਸ਼ ਹੋਇਆ ਅਤੇ ਹੈਰਾਨ ਵੀ। ਟੋਕਰਾ ਚੁਕਾਉਂਦੇ ਹੋਏ ਨੇ ਪੁੱਛਿਆ, "ਤੇਰੀ ਮਾਂ ਕਿਥੇ ਗਈ?"

"ਤੇਰੀ ਨੀ ਕੁਸ਼ ਲਗਦੀ?" ਦਾਰੋ ਨੇ ਉਲਟਾ ਸਵਾਲ ਕਰ ਦਿੱਤਾ।

"ਇਹ ਤੇਰੀ ਮਰਜ਼ੀ, ਜੇ ਮੇਰੀ ਵੀ ਕੁਸ਼ ਲਗਾਉਣੀ ਏ ਤਾਂ।" ਦੇਵ ਨੇ ਨਾਲ ਹੀ ਇਕ ਅੱਖ ਦੱਬ ਦਿੱਤੀ।

ਪਰ ਦਾਰੋ ਦਾ ਇਹ ਮਤਲਬ ਨਹੀਂ ਸੀ। ਉਹ ਚਾਹੁੰਦੀ ਸੀ ਜਿਸ ਤਰਾਂ ਦਾਰੋ ਦੇਵ ਦੀ ਮਾਂ ਨੂੰ ਤਾਈ ਆਖਦੀ ਹੈ ਦੇਵ ਨੂੰ ਵੀ ਕੋਈ ਏਹੋ ਜਿਹਾ ਹੀ ਸਤਿਕਾਰ ਵਾਲਾ ਲਫ਼ਜ਼ ਉਸਦੀ ਮਾਂ ਵਾਸਤੇ ਵਰਤਣਾ ਚਾਹੀਦਾ ਹੈ।

ਜਵਾਨੀ ਵੱਲ ਵਧ ਰਹੇ ਚਾਰ ਕਦਮਾਂ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਹਰ ਇਕ ਨੂੰ ਦੂਜੇ ਨਾਲ ਗਰਜ਼ ਸੀ। ਰੱਜੀ ਨੂੰ ਕਦੇ ਪੱਠਿਆਂ ਦੇ ਬਹਾਨੇ, ਕਦੇ ਕਿਸੇ ਹੋਰ ਬਹਾਨੇ ਦੇਵ ਘੱਲ ਦਿੰਦਾ। ਰੱਜੀ ਨੂੰ ਬੰਨੇ ਬੰਨੇ ਰੰਬੇ ਮਾਰਕੇ ਘਾਹ ਖੋਤਣ ਨਾਲੋਂ, ਇੱਕ ਥਾਂ ਤੋਂ ਮਿਲਦੇ ਪੱਠੇ ਮਾੜੇ ਨਹੀਂ ਸੀ ਲਗਦੇ। ਜਵਾਨੀ ਚੜ੍ਹਦੀ ਦਾਰੋ ਨੂੰ ਆਪਣੇ ਹਾਣ ਦੀਆਂ ਤੋਂ ਜੋ ਕੁਛ ਪਤਾ ਲੱਗਾ ਸੀ ਉਹ ਉਸ ਨੂੰ ਅਸ-ਲੀਅਤ ਵਿੱਚ ਢਾਲਣਾ ਚਾਹੁੰਦੀ ਸੀ। ਦੇਵ ਕਾਲਜ 'ਚ ਹੋਈ ਹੜਤਾਲ ਦਾ ਫਾਇਦਾ ਉਠਾ ਰਿਹਾ ਸੀ।

"ਆ ਤੈਨੂੰ ਅੱਜ ਪਾਥੀਆਂ ਪੱਥਣੀਆਂ ਸਖਾਲਾਂ!" ਦਾਰੋ ਨੇ ਸੋਹਣੀਆਂ ਸੋਹਣੀਆਂ ਹੱਸੀਆਂ ਨਾਲ ਟੋਕਰਾ ਭਰਕੇ ਕਿਹਾ।

ਦੇਵ ਅੱਜ ਘਰ ਤੇ ਇਕੱਲਾ ਸੀ। ਉਸਨੇ ਰੱਜੀ ਨੂੰ ਪੱਠੇ ਲੈਣ ਘੱਲ ਦਿੱਤਾ। ਰੱਜੀ ਕੁੜੀ ਦੀ ਜਵਾਨੀ ਤੋਂ ਬੇਪਰਵਾਹ ਪੱਠਿਆਂ ਦਾ ਲਾਲਚ ਕਰਕੇ ਚਲੀ ਗਈ।

"ਤੂੰ ਬੜਾ ਕੁਛ ਸਖਾਲਿਆ, ਕਦੇ ਮੇਰੇ ਤੋਂ ਵੀ ਕੁਛ ਸਿੱਖ ਲੈ।"

"ਬਥੇਰੇ ਦੇਖੇ ਆ ਤੇਰੇ ਵਰਗੇ, ਤੂੰ ਕੀ ਸਖਾਲੇਂਗਾ?"

"ਇਹ ਗੱਲ ਆ।", ਦੇਵ ਨੇ ਉਸਨੂੰ ਗੁੱਟ ਤੋਂ ਫੜ ਲਿਆ। ਫੇਰ ਫੁਰਤੀ ਨਾਲ ਉਸਨੂੰ ਆਪਣੀਆਂ ਬਾਹਾਂ ਤੇ ਚੁੱਕ ਕੇ ਬੋਲਿਆ, "ਗੱਲ ਹੁਣ ਫੇਰ ਈ ਕਰਾਂਗੇ।"

ਦੇਵ ਆਪਣੇ ਸਾਈਕਲ ਨੂੰ ਫੜ੍ਹ ਪਹੁੰਚ ਗਿਆ ਸੀ। ਰੱਜੀ ਨੇ ਘਰ ਵੜਦਿਆਂ ਆਖਿਆ, "ਚੰਗਾ ਹੋਇਆ ਕਾਕਾ ਦੇਵ ਘਰ ਮਿਲ ਪਿਆਂ, ਇਧਰ ਆ ਤੇਰੇ ਰੱਖੜੀ ਬੰਨਾਂ। ਦੇਵ ਦਾ ਸਿਰ ਚਕਰਾ ਗਿਆ। ਉਸਨੂੰ ਸਮਝ ਨਹੀਂ ਸੀ ਆ ਰਹੀ ਕੀ ਜਵਾਬ ਦੇਵੇ। "ਪਿਛਲੇ ਸਾਲ ਤੂੰ ਬਾਬੇ ਦੇ ਬੰਨੀ ਸੀ। ਸ਼ਾਇਦ ਭਾਪੇ ਦੇ ਵੀ। ਹੁਣ ਤੂੰ ਮੇਰੇ ਬੰਨਣ ਵਾਸਤੇ ਆ ਗਈ। ਪਰ ਬੰਨਣੀਆਂ ਭੈਣਾਂ ਭਰਾਵਾਂ ਦੇ ਹੁੰਦੀਆਂ। ਲਗਦਾ ਇਸ ਤਰ੍ਹਾਂ ਬਈ ਆਉਣ ਵਾਲਿਆਂ ਦੇ ਹੀ ਰੱਖੜੀ ਤੂੰ ਬੰਨ੍ਹੇਂਗੀ।" ਦੇਵ ਗੱਲ ਨੂੰ ਹਾਸੇ ਪਾਕੇ ਟਾਲਣਾ ਚਾਹੁੰਦਾ ਸੀ।

ਏਨੇ ਚਿਰ ਨੂੰ ਦੇਵ ਦੀ ਮਾਂ ਬੋਲ ਪਈ, "ਬੰਨ੍ਹ ਲੈ ਕਾਕਾ, ਕਾਹਨੂੰ ਐਵੇਂ ਅੜੀ ਕਰਦਾਂ। ਵਰ੍ਹੇ ਦਿਨਾਂ ਦਾ ਦਿਨ ਤੇ ਇਨਾਂ ਗਰੀਬਾਂ ਦੀ ਕਿਸੇ ਨਾ ਕਿਸੇ ਬਹਾਨੇ ਢਿੱਡ ਤੋਰਨਾ ਹੋਇਆ।"

"ਹੋਰ, ਜੇ ਤੈਨੂੰ ਇਹ ਗੁੱਸਾ ਤਾਂ ਲੈ ਤੇਰੇ ਦਾਰੋ ਬੰਨ੍ਹ ਦਿੰਦੀ ਆ।" ਰੱਜੀ ਨੇ ਲਾਗੇ ਖੜੀ ਦਾਰੋ ਵੱਲ ਰੱਖੜੀ ਕਰ ਦਿੱਤੀ।

---

(ਸਫ਼ਾ 36 ਦੀ ਬਾਕੀ)

ਇਹ ਸੀ ਕਿ ਤੂੰ ਮੇਰੀ ਰੀਸੋ ਲਾਊਡ-ਸਪੀਕਰ ਕਿਉਂ ਲਿਆਇਆ (ਜਿਵੇਂ ਉਸਦੇ ਵਪਾਰ ਨੂੰ ਧੱਕਾ ਲੱਗ ਗਿਆ ਹੋਵੇ। ਕੁਛ ਹੀ ਦਿਨਾਂ ਬਾਅਦ ਦੋ ਔਰਤਾਂ 22 ਸਾਲਾ ਸੰਤ ਬਾਰੇ ਘੁਸਰ-ਮੁਸਰ ਕਰ ਰਹੀਆਂ ਸਨ। ਇਕ ਰਾਤ ਦੋ ਵਜੇ ਮੈਂ ਸੁੱਤਾ ਪਿਆ ਸੀ ਤਾਂ ਸਾਡਾ ਕੁੱਤਾ ਜ਼ੋਰ ਨਾਲ ਭੌਂਕਣ ਲੱਗਾ। ਮੈਂ ਬੂਹਾ ਖੋਲ੍ਹ ਕੇ ਵੇਖਿਆ ਕਿ ਇੱਕ ਮਾਈ ਆਪਣੀਆਂ ਦੋ ਜਵਾਨ ਕੁੜੀਆਂ ਨਾਲ ਬਾਬਾ ਜੀ ਦੀ ਕੁਟੀਆ ਵਿੱਚੋਂ ਆ ਰਹੀ ਸੀ। ਛੋਟੀ ਲੜਕੀ ਦੀ ਚਾਲ ਤੋਂ ਲਗਦਾ ਸੀ ਕਿ ਬਾਬਾ ਜੀ ਦੀ ਸਿੱਖਿਆ ਦਾ ਅਸਰ ਕੁਛ ਜ਼ਿਆਦਾ ਹੋ ਗਿਆ। ਮੇਰਾ ਮੱਥੇ ਉੱਤੇ ਪੈਰੇ ਇੱਕ ਹੌਕਾ ਜਿਹਾ ਨਿਕਲਿਆ, "ਹਾਏ! ਧਰਮ ਦੇ ਪਹਿਰੇਦਾਰ... ... ...!!!"

# ਪਤਾ ਨਹੀਂ ਕੌਣ...!

(ਦਰਸ਼ਨ ਬੈਂਸ)



"ਨੀ ਸੀਬੋ! ਐਥੇ ਮੇਰੀ ਜੁੱਤੀ ਪਈ ਸੀ, 'ਪਤਾ ਨਹੀਂ ਕੌਣ' ਲੈ ਗਿਆ ਚੱਕ ਕੇ!!"

ਬੇਬੇ ਦੀ ਉਚੀ ਆਵਾਜ਼ ਨੇ ਮੈਨੂੰ ਹੋਰ ਵੀ ਚੁਕੰਨੀ ਕਰ ਦਿੱਤਾ। ਮੈਂ ਤਾਂ ਆਪ ਆਪਣਾ ਨਾਵਲ ਲੱਭ ਰਹੀ ਸੀ ਜੋ ਰਾਤ ਪੜ੍ਹਦੀ ਪੜ੍ਹਦੀ ਨੇ ਸਿਰਹਾਣੇ ਹੇਠਾਂ ਹੀ ਰੱਖ ਦਿੱਤਾ ਸੀ... ਉਹ 'ਪਤਾ ਨਹੀਂ ਕੌਣ' ਲੈ ਗਿਆ।

... ... ...

ਗਵਾਂਢੀਆਂ ਦੇ ਮੋਘੇ ਰਾਹੀਂ ਹੌਲੀ ਦੇ ਗੱਲਾਂ ਕਰਨ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਮੱਘਰ ਆਪਣੀ ਤੀਵੀਂ ਰਾਜੋ ਨੂੰ ਸਮਝਾ ਰਿਹਾ ਸੀ "ਕਮਲੀਏ! ਕੰਮ ਤਾਂ ਬਥੇਰਾ ਕਰੀਦੈ। ਸਾਰਾ ਦਿਨ ਖੇਤਾਂ ਵਿੱਚ ਧੁੱਪੇ ਮਿੱਟੀ ਨਾਲ ਮਿੱਟੀ ਹੋਏ ਰਹੀਦੈ। ਐਤਕੀਂ ਤਾਂ ਗੰਨਾ ਵੀ ਬਥੇਰਾ ਹੋਇਐ... ਕਣਕ ਤੇ ਮੱਕੀ ਦੇ ਤਾਂ ਮੰਡੀਆਂ 'ਚ ਢੇਰ ਲੱਗੇ ਪਏ ਸੀ... ਪਰ 'ਗਾਹਾਂ ਦੀ ਗੱਲ ਤਾਂ ਆਹ ਐ ਬਈ ਚੱਕ ਕੇ 'ਪਤਾ ਨਹੀਂ ਕੌਣ' ਲੈ ਜਾਂਦੈ... ...!

... ... ...

ਮੰਟੂ ਨੇ ਸਕੂਲੋਂ ਆਉਂਦੇ ਸਾਰ ਹੀ ਰੇਡੀਓ ਦਾ ਬਟਣ ਦਬਾ ਦਿੱਤਾ "ਇਹ ਖ਼ਬਰਾਂ ਤੁਸੀਂ ਆਲ ਇੰਡੀਆ ਰੇਡੀਓ ਜਲੰਧਰ ਤੋਂ ਸੁਣ ਰਹੇ ਹੋ। ਚੀਜ਼ਾਂ ਦੇ ਭਾਅ ਐਨੇ ਵਧ ਗਏ ਹਨ ਕਿ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਸਾਡੀ ਸਰਕਾਰ ਬਾਹਰੋਂ ਇਸ ਸਾਲ ਬਹੁਤ ਚੀਜ਼ਾਂ ਮੰਗਵਾ ਰਹੀ ਹੈ ਤਾਂ ਕਿ ਚੀਜ਼ਾਂ ਦੀ ਥੁੜ ਨਾ ਰਹੇ। ਚੰਗੀਆਂ ਫ਼ਸਲਾਂ ਬੀਜਣ ਵਾਸਤੇ ਵਧੀਆ ਖਾਦ ਤੇ ਚੰਗੇ ਬੀਜ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਤੇ ਹਰ ਛੋਟੇ ਵੱਡੇ ਪਿੰਡ ਵਿੱਚ ਪੁਚਾਏ ਜਾ ਰਹੇ ਹਨ......

"ਪਤਾ ਨਹੀਂ ਕੌਣ' ਲੈ ਜਾਣਾ ਪੁਚਾਊ...", ਬੇਬੇ ਨੇ ਤਲਖੀ ਨਾਲ ਕਹਿਣਾ ਸ਼ੁਰੂ ਕੀਤਾ, "ਵੇ ਮੰਟੂ, ਰੇਡੀਓ ਬੰਦ ਕਰ ਦੇ। ਐਵੇਂ ਸਾਰਾ ਦਿਨ ਘੋੜ ਘੋੜ ਸਿਰ 'ਚ ਵਜਦਾ ਰਹਿੰਦੈ... ਜਾਹ ਜਾਕੇ ਖੇਤਾਂ 'ਚ ਆਪਣੇ ਬਾਪੂ ਨਾਲ ਕੋਈ ਕੰਮ ਕਰਾ...।"

"ਪਰ ਬੇਬੇ! ਬਾਪੂ ਤਾਂ ਅੱਜ ਘਰ ਤੇ ਨਹੀਂ; 'ਪਤਾ ਨਹੀਂ ਕੌਣ' ਲੈ ਗਿਆ ਬੁਲਾਕੇ।" ਮੰਟੂ ਨੇ ਝੱਟ ਜਵਾਬ ਦਿੱਤਾ।

... ... ...

ਅੱਜ ਕਚਹਿਰੀ ਵਿੱਚ ਬਹੁਤ ਭੀੜ ਸੀ ਕਿਉਂਕਿ ਅੱਜ ਜਾਗੀਰਦਾਰ ਦੇ ਮੁੰਡੇ ਦੇ ਨਾਮ ਕਤਲ-ਕੇਸ ਦੇ ਫ਼ੈਸਲੇ ਦੀ ਸੁਣਵਾਈ ਦਾ ਆਖ਼ਰੀ ਦਿਨ ਸੀ। ਹਰ ਕੋਈ ਫ਼ੈਸਲਾ ਸੁਣਨ ਲਈ ਕਾਹਲਾ ਸੀ। ਏਨੇ ਨੂੰ ਲੋਕਾਂ 'ਚ ਘੁਸਰ ਮੁਸਰ ਜਿਹੀ ਹੋਈ, "ਪਤਾ ਨਹੀਂ ਕੌਣ ਲੈ ਗਿਆ ਛੁਡਾਕੇ ... ।"

... ... ...

"ਮਨਾਂ ਚਲ ਉਠ! ਕਈ ਕੰਮ ਪਏ ਨੇ ਕਰਨ ਵਾਲੇ... ਨਹੀਂ ਤਾਂ 'ਪਤਾ ਨਹੀਂ ਕੌਣ' ਕਰੂਗਾ ਆਕੇ... ...!!!"

# ਛੇ ਮਿੰਨੀ ਕਹਾਣੀਆਂ :

## 1. ਜੀਤੋ

ਅੰਮ੍ਰਿਤਾ ਤ੍ਰਿਪਤੀ



ਬਸ, ਡਰ ਗਏ ।

ਡਾਢਿਆਂ ਤੋਂ ਡਰਨਾ ਹੀ ਪੈਂਦਾ ਹੈ ।

ਪਰ ਝੱਲੀਏ ਬੁੱਧੀ-ਜੀਵੀ ਮੂਰਖਾਂ ਤੋਂ ਡਰਨਾ ਸ਼ੋਭਦਾ ਨਹੀਂ । ਜੀਤੋ ਆਪਣੇ ਆਪ ਨਾਲ ਗੱਲਾਂ ਕਰਦੀ ਜਾ ਰਹੀ ਸੀ । ਡਰੀ ਹੋਈ ਤੇ ਨਿਰਭੈ ਜੀਤੋ, ਨਿਰਛਲ ਅਤੇ ਵਿਦਵਾਨ ਜੀਤੋ ਦੇ ਮਨ ਅਤੇ ਮਸਤਕ ਵਿਚਕਾਰ ਘੋਲ ਜਿਹਾ ਹੋ ਰਿਹਾ ਸੀ ।

ਜਿਸ ਆਲੇ ਦੁਆਲੇ ਵਿਚ ਰਹਿਣਾ ਹੈ, ਉਸ ਵਲੋਂ ਬੇ-ਪਰਵਾਹ ਵੀ ਤਾਂ ਨਹੀਂ ਹੋਇਆ ਜਾ ਸਕਦਾ ।

ਇਹ ਭੈ-ਭਰੀ ਸੋਚ ਉਸ ਜੀਤੋ ਦੀ ਸੀ, ਜਿਸ ਨੂੰ ਨਿੰਦਕਾਂ ਨੇ ਛਲਨੀ ਕਰ ਛਡਿਆ ਸੀ ।

ਪਰ ਇਹ ਤੇਰਾ ਵਿਅਕਤੀਗਤ ਮਸਲਾ ਹੀ ਨਹੀਂ, ਮੂਰਖਾਂ ਤੇ ਨਿੰਦਕਾਂ ਤੋਂ ਡਰ ਕੇ ਜ਼ਿੰਦਗੀ ਤੇ ਉਹਦੀਆਂ ਸੱਧਰਾਂ ਨਾਲ ਅਨਿਆਏ ਹੋਵੇਗਾ । ਸਮਾਜ ਕਦੀ ਬਦਲ ਹੀ ਨਹੀਂ ਸਕੇਗਾ ।

ਇਹ ਉੱਤਰ ਉਸ ਜੀਤੋ ਦਾ ਸੀ ਜਿਸ ਦੇ ਅੰਦਰ ਮਨੁੱਖੀ ਭਾਵਨਾਵਾਂ ਜਵਾਰਭਾਟਾ ਦਾ ਰੂਪ ਧਾਰ ਰਹੀਆਂ ਸਨ ।

ਤੇ ਫੇਰ ਉਹ ਕੁਝ ਬਿੰਦ ਲਈ ਗੁੰਮ-ਸੁੰਮ ਜਿਹੀ ਹੋ ਗਈ । ਉਹਨੂੰ ਪਹਿਲਾਂ ਇਕ ਪਰਛਾਵਾਂ ਵਿਖਾਈ ਦਿਤਾ ਤੇ ਫੇਰ ਦੂਜਾ । ਕਦੀ ਇਨ੍ਹਾਂ ਪਰਛਾਵਿਆਂ ਵਾਲੇ ਭਰਾ ਤੇ ਪਿਉ ਜਿਹੇ ਮਨੁੱਖ ਮਿੱਤਰ ਸਾਕਾਰ ਇਹਦੇ ਕੋਲ ਹੁੰਦੇ ਸਨ । ਸਮਾਜ ਨੂੰ ਅਗੇ ਵਧਾਣ ਲਈ ਸੋਚਾਂ ਸਾਂਝੀਆਂ ਹੁੰਦੀਆਂ ਸਨ । ਪਰ ਇਹ ਬੁੱਧੀ ਜੀਵੀ ਪ੍ਰੋਫੈਸਰ ਹੁੰਦੇ ਹੋਏ ਵੀ ਸਮਾਜ ਦੀ ਬਦਬੋ ਤੋਂ ਡਰਦੇ ਇਕ ਦੂਜੇ ਤੋਂ ਦੂਰ ਜਾ ਖਲੋਤੇ ਸਨ ।

ਜੀਤੋ ਨੇ ਆਪਣੇ ਅੰਦਰ ਬਾਹਰ ਨੂੰ ਇਕ ਜ਼ੋਰ ਦਾ ਝਟਕਾ ਦਿਤਾ । ਉਸ ਝਟਕੇ ਨਾਲ ਜਿਵੇਂ ਉਹਦੇ ਸਾਰੇ ਭੈ ਝਟਕੇ ਗਏ ਹੋਣ, ਤੇ ਦੂਜੇ ਬਿੰਦ ਉਹ ਉਨ੍ਹਾਂ ਪਰਛਾਵਿਆਂ ਵਲ ਦੌੜ ਪਈ । ਇਕ ਮੋੜ ਉਤੇ ਉਹਨੇ ਪਿਛੇ ਭਉਂ ਕੇ ਵੇਖਿਆ, ਸਮਾਜ ਦੀ ਨੀਵੀਂ ਸੋਚ ਸਹਿਮੀ ਖੜੀ ਸੀ ।

## 2. ਇਕ ਹੋਰ ਪ੍ਰਸ਼ਨ

('ਅਨੂਰੂਪ' 'ਚੋਂ)

'ਪਾਪਾ ! ਸਾਡੇ ਝੰਡੇ 'ਚ ਚੱਕਰ ਕਿਉਂ ਏ ?'

'ਆਪਾਂ ਹਮੇਸ਼ਾਂ ਚਲਦੇ ਜੁ ਰਹਿਣਾ ਏ । ਇਹ ਮਹਾਰਾਜਾ ਅਸ਼ੋਕ ਦੀ ਦੇਣ ਏ ।'

'ਇਹ ਚਲਦਾ ਚਲਦਾ ਘਸਿਆ ਕਿਉਂ ਨਹੀਂ ? ਸਾਡੇ ਸਾਈਕਲ ਦੇ ਟਾਇਰ ਤਾ ਹਰ ਤੀਜੇ ਮਹੀਨੇ ਘਸ ਜਾਂਦੇ ਨੇ । ਪਾਪਾ ਜੇ ਇਹ ਘਸ ਗਿਆ ਤਾਂ... ?'

ਮੈਂ ਕੋਈ ਜਵਾਬ ਨਹੀਂ ਦਿੰਦਾ ਹਾਂ । ਮੈਨੂੰ ਸਚ ਪੁਛੋ ਤਾਂ ਇਸਦਾ ਜਵਾਬ ਆਪ ਪਤਾ ਨਹੀਂ । ਮੇਰੇ ਕੰਨਾਂ ਨਾਲ ਫੇਰ ਛੇਆਂ ਕੁ ਵਰ੍ਹਿਆਂ ਦੀ ਧੀਅ ਦੀ ਆਵਾਜ਼ ਟਕਰਾਉਂਦੀ ਹੈ ।

'ਪਾਪਾ ! ਅਸ਼ੋਕ ਕੌਣ ਸੀ ?'

'ਬਹੁਤ ਵਡਾ ਰਾਜਾ ਬੇਟੀ, ਜਿਸਨੇ ਸਾਨੂੰ ਅਹਿੰਸਾ ਤੇ ਲੜਾਈ ਨਾ ਕਰਨ ਦਾ ਉਪਦੇਸ਼ ਦਿਤਾ ਸੀ ।'

'ਤਾਂ...ਤਾਂ ਉਹ ਬਹੁਤ ਵਡਾ ਕਾਇਰ ਸੀ...'

'ਕਿਵੇਂ ਪੁੱਤਰ ?' ਮੈਂ ਪੁਛਦਾ ਹਾਂ ।

'ਉਵੇਂ ਈ ਜਿਵੇਂ ਹੋਈ ਦਾ ਏ ? ਪਾਪਾ ਜੇ ਬਿਲੀ ਦੁੱਧ ਪੀ ਜਾਵੇ ਤਾਂ ਆਪਾਂ ਉਸ ਨੂੰ ਮਾਰਨ ਪੈਂਦੇ ਹਾਂ ਕਿ ਨਹੀਂ ?' ਭੋਲੇ ਜਿਹੇ ਉਤਰ ਨਾਲ ਇਹ ਇਕ ਹੋਰ ਪ੍ਰਸ਼ਨ ਸੀ ? ਜਿਸਦਾ ਉੱਤਰ ਹਾਲੇ ਮੈਨੂੰ ਨਹੀਂ ਸੁਝਿਆ ।

---

## 3. ਮੌਤ

(ਹਮਦਰਦਵੀਰ)

ਮੁਖ ਰੋਜ਼ਗਾਰ ਅਫਸਰ ਰੀਵੌਲਵਿੰਗ ਚੇਅਰ ਉਤੇ ਝੂਟੇ ਲੈਂਦਾ ਹੋਇਆ 'ਜਾਸੂਸੀ ਪੰਜਾ' ਪੜ੍ਹ ਰਿਹਾ ਸੀ—'ਕਿਸੇ ਮੁਜ਼ਾਰੇ ਦੀ ਇਕ ਮੁਟਿਆਰ ਕੁਆਰੀ ਲੜਕੀ ਨੂੰ ਜਾਗੀਰਦਾਰ ਦੇ ਮੁੰਡੇ ਦਿਨ ਦਿਹਾੜੇ ਧੂਹ ਕੇ ਲਈ ਜਾ ਰਹੇ ਸਨ । ਬੜਾ ਰੌਲਾ ਪੈ ਰਿਹਾ ਸੀ । ਪਰ ਛੁਡਾਉਣ ਵਾਸਤੇ ਕੋਈ ਤਿਆਰ ਨਹੀਂ ਸੀ ...।'

ਬਾਹਰ ਬੇਰੋਜ਼ਗਾਰਾਂ ਦੀ ਇਕ ਲੰਮੀ ਭੀੜ ਜੁੜੀ ਹੋਈ ਸੀ । ਨਾਮ ਰਜਿਸਟਰ ਕਰਾਉਨ ਵਾਸਤੇ ਬੜਾ ਰੌਲਾ ਪੈ ਰਿਹਾ ਸੀ । ਪਰ ਨੌਕਰੀ ਕੋਈ ਨਹੀਂ ਸੀ ।

ਬਿਲਡਿੰਗ ਦੀ ਹੇਠਲੀ ਫਲੋਰ ਉਤੇ ਅਚਾਨਕ ਇਕ ਧਮਾਕਾ ਹੋਇਆ । ਖਿੜਕੀਆਂ ਦੇ ਸ਼ੀਸ਼ੇ ਬੜੀ ਬੁਰੀ ਤਰ੍ਹਾਂ ਆਪਸ ਵਿਚ ਟਕਰਾਏ ।

ਮੁਖ ਰੋਜ਼ਗਾਰ ਅਫਸਰ ਖਿੜਕੀ ਰਾਹੀਂ ਹੀ ਛਾਲ ਮਾਰਕੇ ਬਾਹਰ ਵੇਖਿਆ । ਬਾਹਰ ਧੂੰਆਂ ਸੀ—ਘੱਟਾ ਸੀ । ਉਡ ਰਹੇ ਪੋਸਟਰ ਤੇ ਗੂੰਜ ਰਹੇ ਨਾਹਰੇ ।

ਚੱਲ ਰਹੇ ਮੋਟਰ ਸਾਈਕਲ ਉਤੇ ਦੋ ਮੁਟਿਆਰਾਂ ਬੈਠੀਆਂ ਤੇ ਅਸਮਾਨੀ ਬਿਜਲੀ ਦੀ ਤਰ੍ਹਾਂ ਉਡ ਗਈਆਂ ।

---

## 4. ਸੱਪ

(ਗਿਆਨ ਗਰੇਵਾਲ)

ਜੀਤੋ ਦਸਵੀਂ ਜਮਾਤ ਵਿੱਚ ਸ਼ਹਿਰ ਪੜ੍ਹਦੀ ਸੀ । ਸ਼ਹਿਰ ਆਉਣ ਜਾਣ ਕਰਕੇ ਅਕਸਰ ਉਸਨੂੰ ਸੌਦਾ ਖਰੀਦਣਾ ਪੈਂਦਾ ਸੀ ।

ਜੀਤੋ ਸਕੂਲ ਤੋਂ ਨਿਕਲੀ ਤੇ ਦੁਕਾਨ ਤੇ ਆ ਰੁਕੀ । ਗੁੜ ਦਾ ਭਾਅ ਪੁੱਛਣ ਤੇ ਦੁਕਾਨਦਾਰ ਦਰ ਬੋਲਿਆ, 'ਪੌਣੇ ਦੋ ਰੁਪੈ ਕਿਲੋ ।' ਜੀਤੋ ਦੇ ਲੱਖ ਮਿੰਨਤਾਂ ਤਰਲੇ ਕਰਨ ਤੇ ਵੀ ਉਹ ਪੈਸਾ ਨਾ ਘਟਿਆ । ਅਤੇ ਜੀਤੋ ਨੇ ਚੁੱਪ ਚਾਪ ਗੁੜ ਤੋਲਣ ਲਈ ਇਸ਼ਾਰਾ ਕੀਤਾ ।

ਦੁਕਾਨਦਾਰ ਨੇ ਗੁੜ ਤੋਲ ਕੇ ਕਾਗਜ਼ ਵਿੱਚ ਲਪੇਟ ਦਿੱਤਾ । ਜੀਤੋ ਨੇ ਗੁੜ ਤੁਣਕਿਆ ਤੇ ਦੁਕਾਨ ਦਾਰ ਨੂੰ ਵੱਟਾ ਵਿਖਾਉਣ ਲਈ ਕਿਹਾ ।

'ਕਿਉਂ ਭੈਣਾਂ .. ?' ਦੁਕਾਨਦਾਰ ਦਾ ਮੂੰਹ ਖੁਲ੍ਹਾ ਹੀ ਰਹਿ ਗਿਆ । ਕਿਉਂਕਿ ਉਸ ਦੇ ਵੱਟੇ ਤੇ ਨਿਸ਼ਾਨ ਨਹੀਂ ਸੀ । ਉਸ ਨੇ ਲੱਖਾਂ ਤਰਲੇ ਕੀਤੇ ਪਰ ਜੀਤੋ ਨੇ ਇੱਕ ਨਾ ਸੁਣੀ ਤੇ ਦੁਕਾਨ ਅੱਗੇ ਭੀੜ ਹੋ ਗਈ । ਦੁਕਾਨਦਾਰ ਦੀ ਕਿਸੇ ਨੇ ਵੀ ਗੱਲ ਨਾ ਸੁਣੀ । ਕੋਈ ਮਾਪ ਤੋਲ ਇੰਸਪੈਕਟਰ ਨੂੰ ਬਲਾਉਣ ਲਈ ਤੇ ਕੋਈ ਪੁਲਿਸ ਨੂੰ ਬਲਾਉਣ ਲਈ ਆਖ ਰਿਹਾ ਸੀ ।

'ਉਨ੍ਹਾਂ ਵੀ ਕੀ ਸੁਆਰਨਾ । ਸਾਰੇ ਇੱਕੋ ਵੇਲ ਦੇ ਤੂੰਬੇ ਨੇ ।' ਇੱਕ ਗਭਰੂ ਅੱਗੇ ਵਧਿਆ ਤੇ ਅਗਲੇ ਪਲ ਦੁਕਾਨਦਾਰ ਜ਼ਖਮੀ ਸੱਪ ਵਾਂਗ ਧਰਤੀ ਤੇ ਪਿਆ ਜ਼ਹਿਰ ਘੋਲ ਰਿਹਾ ਸੀ ।

ਸੜਕ ਕਿਨਾਰੇ ਲਗੇ ਪਾਣੀ-ਪੰਪ ਕੋਲ ਖੜੇ ਨੌਜਵਾਨ ਨੇ ਦੇਖਿਆ — ਤੇਜ਼ ਸਪੀਡ ਨਾਲ ਆਉਂਦੀ ਜੀਪ ਹੌਲੀ ਹੁੰਦੀ ਹੁੰਦੀ ਉਸ ਤੋਂ ਥੋੜਾ ਜਿਹਾ ਅਗੇ ਲੰਘ ਕੇ ਰੁਕ ਗਈ।

ਜੀਪ ਦੀ ਛੱਤ ਕੋਈ ਨਹੀਂ ਸੀ। ਇਸ ਵਿਚ ਕੁਝ ਪੁਲਸੀਏ ਸਿਪਾਹੀ ਬੈਠੇ ਸਨ, ਜਿਨ੍ਹਾਂ ਦੀਆਂ ਬੰਦੂਕਾਂ ਦੇ ਮੂੰਹ ਉਪਰ ਨੂੰ ਸਿਧੇ ਖੜੇ ਸਨ। ਉਹਨਾਂ ਦੇ ਕੋਲ ਹੀ ਇਕ ਪੁਲਸ ਅਫ਼ਸਰ ਬੈਠਾ ਸੀ, ਜਿਸ ਦਾ ਚਿਹਰਾ ਚਮਕ ਰਿਹਾ ਸੀ। ਸ਼ਾਇਦ ਉਹ ਕੋਈ ਵਡਾ ਮੈਦਾਨ ਮਾਰ ਆਇਆ ਸੀ।

ਉਹਨਾਂ ਦੇ ਕੋਲ ਇਕ ਬਜ਼ੁਰਗ ਅਤੇ ਦੋ ਨੌਜਵਾਨ ਨਿੰਮੋਝੂਣ ਬੈਠੇ ਸਨ। ਉਹ ਹੱਥਕੜੀਆਂ ਵਿਚ ਜਕੜੇ ਹੋਏ ਸਨ ਤੇ ਡੌਰ ਭੌਰ ਇਕੋ ਪਾਸੇ ਵਲ ਵੇਖੀ ਜਾ ਰਹੇ ਸਨ। ਸ਼ਾਇਦ ਪੁਲਸ ਦੀ ਕੁੱਟ ਨੇ ਇਹਨਾਂ ਨੂੰ ਨੀਮ-ਬੇਹੋਸ਼ ਜਿਹਾ ਕਰ ਦਿੱਤਾ ਸੀ।

ਜੀਪ ਵਿਚੋਂ ਉੱਤਰ ਕੇ ਡਰਾਈਵਰ ਪੰਪ ਤੋਂ ਪਾਣੀ ਦਾ ਡੱਬਾ ਭਰਨ ਲਗ ਪਿਆ।

ਪੰਪ ਤੋਂ ਪਾਣੀ ਪੀਂਦੇ ਨੌਜਵਾਨ ਨੇ ਸਵਾਲ ਕੀਤਾ — "ਇਹ ਤ੍ਰਿਕੜੀ ਕਾਹਦੇ 'ਚ ਅੜਿੱਕੇ ਆ ਗਈ?"

"ਇਹ ਨਕਸਲਾਈਟ ਆ," ਡਰਾਈਵਰ ਦਾ ਜਵਾਬ ਸੀ।

"ਕੌਣ?" ਨੌਜਵਾਨ ਨੂੰ ਕੁਝ ਸਮਝ ਨਹੀਂ ਸੀ ਪਈ।

"ਇਹ ਕਮੀਨ ਲੋਕਾਂ ਖ਼ਾਤਰ ਸਰਕਾਰ ਨਾਲ ਲੜਦੇ ਆ, ਵਡੇ ਵਡੇ ਸਰਦਾਰਾਂ ਨੂੰ ਕਤਲ ਕਰਦੇ ਆ, ਡਾਕੇ ਮਾਰਦੇ ਆ ਤੇ ਜ਼ਿਮੀਂਦਾਰਾਂ ਤੋਂ ਜ਼ਮੀਨ ਖੋਹ ਕੇ ਚੂਹੜੇ-ਚਮਾਰਾਂ ਨੂੰ ਵੰਡਦੇ ਆ," ਡਰਾਈਵਰ ਨੌਜਵਾਨ ਦਾ ਚਿਹਰਾ ਖੋਜਣ ਲਗ ਪਿਆ।

"ਡਾਕੂ ਕਿਵੇਂ ਹੋਏ, ਜਦੋਂ ਆਪਣੇ ਕੋਲ ਕੁਝ ਰੱਖਦੇ ਹੀ ਨਹੀਂ? ਫਿਰ ਤਾਂ ਦੇਸ਼-ਭਗਤ ਹੋਏ ਜਦੋਂ ਗ਼ਰੀਬਾਂ ਦੀ ਮਦਦ ਕਰਦੇ ਆ," ਨੌਜਵਾਨ ਨੇ ਕਿਹਾ। ਫਿਰ ਪੁਛਿਆ — "ਕਿਥੇ ਲੈ ਕੇ ਜਾਣਗੇ ਇਹਨਾਂ ਨੂੰ?"

"ਬੱਸ, ਗੋਲੀ ਮਾਰ ਦੇਣਗੇ।"

"ਤਾਂ ਫਿਰ ਦਰਸ਼ਨ ਹੀ ਕਰ ਲਵਾਂ," ਨੌਜਵਾਨ ਅਗੇ ਵਧਿਆ।

ਡਰਾਈਵਰ ਨੇ ਪੁਲਸ ਅਫ਼ਸਰ ਨੂੰ ਅੱਖ ਮਾਰ ਦਿਤੀ।

ਅਗਲੇ ਪਲ ਸੁੰਨੀ ਪੇਂਡੂ ਸੜਕ ਉਤੇ ਜੀਪ ਤੇਜ਼ ਦੌੜ ਰਹੀ ਸੀ, ਤਿੰਨਾਂ ਦੀ ਥਾਂ ਹੁਣ ਚਾਰ ਜਣੇ ਹੱਥ-ਕੜੀਆਂ ਵਿਚ ਜਕੜੇ ਬੈਠੇ ਸਨ।

# 5. ਤਿੰਨ ਨਹੀਂ, ਚਾਰ

ਸੇਜ

# 6. ਕਲਕੱਤਾ ਨੰਗਾ ਚਿਹਰਾ

(ਅਨੂ-ਰੂਪ 'ਚੋਂ)

ਸ਼ਾਮ ਦੇ ਸੱਤ

ਉਸ ਚੌੜੀ ਸੜਕ ਉਤੇ ਉਹ ਪੰਜੇ ਖੜੇ ਸੀ। ਉਸ ਪਾੜੇ ਦਾ ਨਾਮੀ ਗੁੰਡਾ ਦੀਪੂ ਦਾਦਾ ਤੇ ਉਸ ਦੇ ਸਾਥੀ। ਇਕ ਦੇ ਹੱਥ ਵਿਚ ਤੇਲ ਦੀ ਬੋਤਲ ਤੇ ਰੱਸੀ। ਸਾਹਮਣਿਓਂ ਆਉਂਦੀ ਬੱਸ ਉਨ੍ਹਾਂ ਰੋਕ ਲਈ। ਡਰਾਈਵਰ ਦੇ ਪੰਜ-ਸੱਤ ਘਸੁੰਨ ਅਤੇ ਇਕ ਵਾਰਨਿੰਗ ਸਵਾਰੀਆਂ ਨੂੰ। ਪਲਾਂ ਵਿਚ ਬੱਸ ਖਾਲੀ ਹੋ ਜਾਂਦੀ ਹੈ। ਲੋਕ ਇਧਰ-ਉਧਰ ਨੱਠ ਜਾਂਦੇ ਹਨ। ਬੱਸ ਵਾਲੇ ਵੀ ਅਤੇ ਰਾਹ ਆਉਂਦੇ-ਜਾਂਦੇ ਵੀ। ਬੱਸ ਵਿਚੋਂ ਉਠਦੇ ਅੱਗ ਦੇ ਸ਼ੁਲੇ ਫ਼ਿਜ਼ਾ ਨੂੰ ਖ਼ੂਨ ਰੰਗਾ ਕਰ ਰਹੇ ਨੇ। ਪਰ੍ਹਾਂ ਚੋਕ ਤੇ ਡਿਊਟੀ ਦੇ ਰਿਹਾ ਸਿਪਾਹੀ ਵੀ ਹੌਲੇ ਜਿਹੇ ਖਿਸਕ ਜਾਂਦਾ ਹੈ।

'ਦੀਪੂ ਦਾਦਾ' ਤੇ ਸਾਥੀ ਉੱਚੀ ਨ੍ਹਾਰੇ ਲਗਾਂਦੇ ਨੇ, 'ਨਕਸਲਬਾੜੀ ਜ਼ਿੰਦਾਬਾਦ' ਤੇ ਕੁਝ ਪੋਸਟਰ ਵਿਖੇਰ ਦੇਂਦੇ ਨੇ।

ਰਾਤ ਦੇ ਦਸ

ਦੀਪੂ ਦਾਦਾ ਇਕ ਮੰਨੀ-ਪ੍ਰਮੰਨੀ 'ਸਾਮੀ ਦੇ ਫ਼ਲੈਟ ਵਿਚ ਬੈਠਾ ਪੀ ਰਿਹਾ ਹੈ।' ਸਾਮੀ ਦਾ ਨਾਂ ਮੰਨ ਲਵੋ, ਮਿਸਟਰ ਐਕਸ।

ਮਿਸਟਰ ਐਕਸ, 'ਨਾਹਰੇ ਚੰਗੀ ਤਰ੍ਹਾਂ ਵੀ ਲਗਾਏ ਸੀ?'

ਦੀਪੂ ਦਾਦਾ, 'ਪੂਰੇ ਪੰਦਰਾਂ ਮਿੰਟ ਸੰਘ ਪਾੜਦੇ ਰਹੇ ਹਾਂ।'

ਮਿਸਟਰ ਐਕਸ ਢਾਈ ਹਜ਼ਾਰ ਦੇ ਨੋਟਾਂ ਦੀਆਂ ਗੁੱਠੀਆਂ ਦੀਪੂ ਦਾਦਾ ਅੱਗੇ ਸੁਟਦਾ ਹੈ। ਉਹ ਨੋਟ ਚੁੰਮ ਕੇ ਪੈਂਟ ਦੀ ਅੰਦਰਲੀ ਜੇਬ ਵਿਚ ਤੁੰਨ ਲੈਂਦਾ ਹੈ। 'ਇਸ ਮਹੀਨੇ ਤੁਸੀਂ ਤਿੰਨ ਬੱਸਾਂ ਫ਼ੂਕੀਆਂ ਨੇ। ਮੈਨੂੰ ਤਿੰਸ ਬੱਸਾਂ ਪਾਉਣ ਦਾ ਚਾਨਸ ਮਿਲ ਗਿਆ।' ਦੀਪੂ ਦਾਦਾ ਬੇਲਾਗ ਜਿਹਾ ਹਾਸਾ ਹਸਦਾ ਅੱਗੇ ਤੁਰ ਜਾਂਦਾ ਹੈ।

ਅਗਲਾ ਦਿਨ

ਅਖ਼ਬਾਰਾਂ ਦੀ ਸੁਰਖ਼ੀ ਹੈ, 'ਨਕਸਲਬਾੜੀਆਂ ਰਾਤੀਂ ਇਕ ਹੋਰ ਸਟੇਟ ਬੱਸ ਫ਼ੂਕ ਦਿੱਤੀ।'

CONGRATULATIONS & BEST WISHES TO

THE WATNO DUR

FROM

# INTER-UNIVERSAL FOOD EMPORIUM

930-SCOTT RD. (120 ST.)
DELTA, B.C.

Phone: 584-7313

Phone: 584-7313

## ALL EAST INDIAN GROCERIES:

ROTI FLOUR
DALS
Pickels of all kinds
Chutneys
Makki da atta
Spices of all kinds
Fresh and green vegetables
Fresh mangoes &
8-track recorded tapes & records

**STORE HOURS:**
**MONDAY thru THURSDAY: 10:30 A.M. to 7:00 P.M.**
**FRIDAY: 10:30 A.M. to 9:00 P.M.**
**SATURDAY: 9 A.M. to 7:00 P.M.**
**SUNDAY: 11:00 A.M. to 2:30 P.M.**

- ਰੋਟੀ ਪਕਾਉਣ ਵਾਲਾ ਆਟਾ
- ਦਾਲਾਂ
- ਸਭ ਤਰ੍ਹਾਂ ਦੇ ਆਚਾਰ
- ਚਟਣੀਆਂ
- ਮੱਕੀ ਦਾ ਆਟਾ
- ਹਰ ਕਿਸਮ ਦੇ ਮਸਾਲੇ
- ਤਾਜ਼ਾ ਹਰੀਆਂ ਸਬਜ਼ੀਆਂ
- ਤਾਜ਼ਾ ਅੰਬ
- 8 ਟਰੈਕ ਦੀਆਂ ਰੀਕਾਰਡ-ਟੇਪਾਂ ਅਤੇ ਰੀਕਾਰਡ

UTENSILS *

* ਭਾਰੇ ਥੱਲੇ ਵਾਲੇ ਪਤੀਲੇ

SPECIAL REDUCTION ON MARRIAGES

ਵਿਆਹ - ਸ਼ਾਦੀਆਂ ਵਾਸਤੇ ਵਿਸ਼ੇਸ਼ ਰਿਆਇਤ

LOTS OF PARKING SPACE

ਕਾਰਾਂ ਪਾਰਕ ਕਰਨ ਵਾਸਤੇ ਖੁੱਲੀ - ਡੁੱਲੀ ਜਗ੍ਹਾ

# ਇੰਟਰ ਯੂਨੀਵਰਸਲ ਫੂਡ ਇਮਪੋਰੀਅਮ

ਸਥਾਈ ਕਾਲਮ

## ਸੰਜੀਵਨੀ ਬੂਟੀ

(ਹਾਸ ਰਸ)



# ਹਮ ਤੋ ਮੁਹੱਬਤ ਕਰੇਗਾ

ਕ੍ਰਿਸ਼ਨ ਚੰਦਰ
ਅਨੁਵਾਦਕ:
ਬਲਬੀਰ ਮੋਮੀ

ਸ਼ੁਰੂ ਤੋਂ ਹੀ ਮੈਨੂੰ ਦੋ ਚੀਜ਼ਾਂ ਬਹੁਤ ਪਸੰਦ ਹਨ,ਖ਼ੂਬਸੂਰਤ ਔਰਤਾਂ ਤੇ ਖ਼ੂਬਸੂਰਤ ਜੁਤੀਆਂ । ਇਹਨਾਂ ਦੋਹਾਂ 'ਚ ਕਿਹੜਾ ਡੂੰਘਾ ਮਾਨਸਿਕ ਸਬੰਧ ਹੈ ਕਿ ਇਹ ਦੋਵੇਂ ਚੀਜ਼ਾਂ ਇਕੱਠੀਆਂ ਹੀ ਮੇਰੇ ਦਿਮਾਗ 'ਚ ਆਉਂਦੀਆਂ ਹਨ, ਇਹ ਤਾਂ ਮੈਂ ਕਹਿ ਨਹੀਂ ਸਕਦਾ । ਪਰ ਇਹ ਮੈਂ ਜ਼ਰੂਰ ਕਹਿ ਸਕਦਾ ਹਾਂ ਕਿ ਜੇਕਰ ਮੇਰੇ ਪੈਰੀਂ ਚੰਗੀ ਸੁਹਣੀ ਜੁਤੀ ਨਾ ਹੋਵੇ ਤਾਂ ਮੈਨੂੰ ਹੀਣਤਾ ਭਾਵ ਦਾ ਅਹਿਸਾਸ ਰਹਿੰਦਾ ਹੈ ਅਤੇ ਜੇਕਰ ਮੇਰੇ ਨਾਲ ਕੋਈ ਖ਼ੂਬਸੂਰਤ ਔਰਤ ਨਾ ਬੈਠੀ ਹੋਵੇ ਤਾਂ ਮੈਨੂੰ ਆਲੇ ਦੁਆਲੇ ਦੀ ਦੁਨੀਆਂ ਹਨੇਰੀ ਮਹਿਸੂਸ ਹੁੰਦੀ ਹੈ ।

ਪਰ ਇਹ ਜ਼ਰੂਰੀ ਤਾਂ ਨਹੀਂ ਕਿ ਜਿਹੜੀ ਚੀਜ਼ ਤੁਹਾਨੂੰ ਪਸੰਦ ਹੋਵੇ, ਉਹ ਤੁਹਾਨੂੰ ਮਿਲ ਜਾਵੇ । ਬਹੁਤ ਸਾਰੇ ਲੋਕਾਂ ਨੂੰ ਹਵਾਈ ਜਹਾਜ਼ 'ਚ ਸਫਰ ਕਰਨਾ ਪਸੰਦ ਹੈ, ਪਰ ਉਹ ਜ਼ਿੰਦਗੀ ਭਰ ਹਵਾਈ ਜਹਾਜ਼ 'ਚ ਸਫਰ ਨਹੀਂ ਕਰ ਸਕਦੇ । ਬਹੁਤ ਸਾਰੇ ਬੰਦਿਆਂ ਨੂੰ ਹੀਰੇ ਦੀ ਅਗੂਠੀ ਪਾਉਣ ਦਾ ਸ਼ੌਕ ਹੁੰਦਾ ਹੈ, ਪਰ ਉਹਨਾਂ ਨੂੰ ਚਾਂਦੀ ਦਾ ਛੱਲਾ ਤੀਕ ਵੀ ਨਹੀਂ ਮਿਲਦਾ । ਇਸੇ ਤਰ੍ਹਾਂ ਕਈ ਲੋਕ ਜੁਤੀ ਪਹਿਨਣਾ ਚਾਹੁੰਦੇ ਹਨ ਪਰ ਉਹ ਜੁਤੀ ਵਜਦੀ ਉਹਨਾਂ ਦੇ ਸਿਰ 'ਚ ਹੈ । ਏਸੇ ਦਾ ਨਾਂ ਦੁਨੀਆਂ ਹੈ ਅਤੇ ਮੈਂ ਇਸ ਦੁਨੀਆਂ ਵਿਚ ਰਹਿੰਦਾ ਹਾਂ ਅਤੇ ਏਸੇ ਕਾਰਨ ਆਪਣੀ ਪਸੰਦ ਦੀ ਚੀਜ਼ ਕਦੀ ਪ੍ਰਾਪਤ ਨਹੀਂ ਕਰ ਸਕਿਆ ।

ਪਰ ਪ੍ਰਾਪਤ ਨਾ ਕਰਨ ਤੇ ਵੀ ਪਸੰਦ ਤਾਂ ਆਪਣੀ ਜਗ੍ਹਾ ਕਾਇਮ ਰਹਿੰਦੀ ਹੈ ਅਤੇ ਏਸ ਲਈ ਇਨਸਾਨ ਕੋਸ਼ਿਸ਼ ਵੀ ਕਰਦਾ ਹੈ । ਇਹੀ ਕੋਸ਼ਿਸ਼ ਮੈਨੂੰ ਇਕ ਦਿਨ ਖਿੱਚ ਧੂਹ ਕੇ ਮਦਨ ਗੁਪਾਲ ਦੇ ਘਰ ਲੈ ਗਈ । ਸ੍ਰੀ ਮਦਨ ਗੁਪਾਲ ਵਡੇਰੀ ਉਮਰ ਦੇ ਅੰਡਰ ਸੈਕਟਰੀ ਹਨ । ਬਾਰ੍ਹਾਂ ਸੌ ਰੁਪਿਆ ਤਨਖਾਹ ਲੈਂਦੇ ਹਨ । ਪੰਜਾਹ ਵਰ੍ਹਿਆਂ ਦੇ ਹੋਣ ਲਗੇ ਹਨ ਅਤੇ ਖ਼ੂਬਸੂਰਤ ਔਰਤਾਂ ਦੇ ਨਾਲ ਰਹਿੰਦੇ ਸਨ । ਉਹਨਾਂ ਦੇ ਘਰ ਮੇਰੀ ਗਲੀ ਦੀ ਨੁਕਰ ਤੇ ਹੈ । ਅਤੇ ਉਹਨਾਂ ਦੀ ਛੋਟੀ ਜਿਹੀ ਆਸਟਨ ਕਾਰ ਅਕਸਰ ਮੇਰੇ ਘਰ ਲਾਗੇ ਹੀ ਖੜੀ ਰਹਿੰਦੀ ਹੈ । ਉਹਨਾਂ ਦੀ ਰੰਗੀਨ ਤਬੀਅਤ ਨੂੰ ਨੇੜਿਓਂ ਵੇਖਣ ਦਾ ਤਜਰਬਾ ਵੀ ਹੈ ।

ਇਕ ਦਿਨ ਹਿੰਮਤ ਕਰ ਕੇ ਐਤਵਾਰ ਵਾਲੇ ਦਿਨ ਮੈਂ ਉਹਨਾਂ ਦੇ ਘਰ ਗਿਆ ਤੇ ਉਹਨਾਂ ਨੂੰ ਆਪਣੀ ਬਿਪਤਾ ਦੀ ਕਹਾਣੀ ਸੁਣਾਈ । ਉਹਨਾਂ ਨੇ ਬੜੇ ਧਿਆਨ ਨਾਲ ਮੇਰੀਆਂ ਗੱਲਾਂ ਨੂੰ ਸੁਣਿਆ ਅਤੇ ਸੋਚ ਸੋਚ ਕੇ ਬੋਲੇ, 'ਮੇਰੇ ਖਿਆਲ ਵਿਚ ਤੁਹਾਨੂੰ ਇਸ਼ਕ ਕਰਨਾ ਚਾਹੀਦਾ ਹੈ ।'

'ਜੁਤੀ ਨਾਲ ?'

'ਨਹੀ , ਔਰਤ ਨਾਲ ।' ਉਹ ਮੁਸਕਰਾ ਕੇ ਬੋਲੇ,

ਕਿਸੇ ਵੀ ਖੂਬਸੂਰਤ ਨਾਲ ਇਸ਼ਕ ਕਰਨਾ ਚਾਹੀਦਾ ਹੈ ।'

'ਪਰ ਸਾਡੇ ਮਹੱਲੇ ਵਿਚ ਤਾਂ ਕੋਈ ਖੂਬਸੂਰਤ ਔਰਤ ਨਹੀਂ ਹੈ ।'

'ਤੁਸੀਂ ਸਮਝੇ ਨਹੀਂ ।' ਮਦਨ ਗੁਪਾਲ ਜੀ ਮੈਨੂੰ ਸਮਝਾਉਂਦੇ ਹੋਏ ਬੋਲੇ ।

'ਜਦੋਂ ਤੁਸੀਂ ਕਿਸੇ ਔਰਤ ਨਾਲ ਇਸ਼ਕ ਕਰੋਗੇ ਤਾਂ ਉਹ ਔਰਤ ਤੁਹਾਨੂੰ ਆਪਣੇ ਆਪ ਹੀ ਖੂਬਸੂਰਤ ਜਾਪਣ ਲਗ ਪਵੇਗੀ ।'

'ਪਰ ਜੁਤੀਆਂ ਦਾ ਕੀ ਬਣੇਗਾ ?'

ਉਹ ਬੋਲੇ 'ਇਸ ਦੀ ਫਿਕਰ ਨਾ ਕਰੋ, ਔਰਤ ਦੇ ਆਉਣ ਨਾਲ ਜੁਤੀਆਂ ਆਪਣੇ ਆਪ ਹੀ ਆ ਜਾਂਦੀਆਂ ਹਨ ।

ਗਲ ਠੀਕ ਸੀ, ਪਰ ਅਜ ਤਕ ਮੈਨੂੰ ਕਿਸੇ ਨੇ ਸਮਝਾਈ ਨਹੀਂ ਸੀ । ਹੁਣ ਮਦਨ ਗੁਪਾਲ ਜੀ ਨੇ ਮੈਨੂੰ ਦਸੀ ਤਾਂ ਮੇਰੀ ਸਮਝ ਵਿਚ ਆ ਗਈ ਅਤੇ ਮੈਂ ਉਹਨਾਂ ਨੂੰ ਆਪਣਾ ਗੁਰੂ ਮੰਨ ਲਿਆ ।

ਅਗਲੇ ਦਿਨ ਮੈਂ ਇਕ ਸੂਦ ਖ਼ੋਰ ਪਠਾਣ ਕੋਲੋਂ ਸੌ ਰੁਪਿਆ ਕਰਜ਼ਾ ਲਿਆ । ਥੋਹੜੀ ਜਿਹੀ ਮਠਿਆਈ ਖਰੀਦੀ, ਥੋਹੜੇ ਜਿਹੇ ਫੁਲ ਪਤਾਸੇ । ਇਹ ਸਾਰਾ ਕੁਝ ਉਹਨਾਂ ਦੇ ਚਰਨਾਂ 'ਚ ਰਖ ਕੇ ਮੈਂ ਆਖਿਆ—

'ਅਜ ਤੋਂ ਮੈਨੂੰ ਚੇਲਾ ਬਣਾ ਲਉ ਤੇ ਮੈਨੂੰ ਇਸ਼ਕ ਕਰਨਾ ਸਿਖਾ ਦਿਓ ।' ਮਦਨ ਗੁਪਾਲ ਜੀ ਨੇ ਮੇਰੀ ਭੇਟਾ ਕਬੂਲ ਕਰ ਲਈ, ਪਿਆਰ ਨਾਲ ਸਿਰ ਤੇ ਦੀ ਹਥ ਫੇਰਿਆ ਤੇ ਕਹਿਣ ਲਗੇ—'ਪੁਤਰ ਇਸ਼ਕ ਵੀ ਇਕ ਕਿੱਤਾ ਹੈ, ਜਿਵੇਂ ਲੁਹਾਰ ਦਾ ਕਿੱਤਾ, ਤਰਖਾਣ ਦਾ ਕਿੱਤਾ ਹੈ, ਮੋਟਰ ਮਕੈਨਿਕ ਦਾ ਕਿੱਤਾ ਹੈ । ਇਸ਼ਕ ਇਕ ਇਲਮ ਹੈ, ਜਿਵੇਂ ਬਾਇਓ-ਕੈਮਿਸਟਰੀ ਇਕ ਇਲਮ ਹੈ, ਫਿਜ਼ਇਕਸ ਇਕ ਇਲਮ ਹੈ ਅਤੇ ਸਾਈਕਾਲੋਜੀ ਇਕ ਇਲਮ ਹੈ । ਹਰ ਇਲਮ ਦੀਆਂ ਦੋ ਸ਼ਾਖਾਂ ਹੁੰਦੀਆਂ ਹਨ, ਥਿਊਰੀ ਅਤੇ ਤਜਰਬਾ । ਇਲਮ ਉਸ ਵੇਲੇ ਤਕ ਮੁਕੰਮਲ ਨਹੀਂ ਜਿੰਨਾ ਚਿਰ ਤਕ ਇਨਸਾਨ ਉਸ ਦੀ ਥਿਊਰੀ ਨਾ ਸਮਝ ਲਵੇ ਅਤੇ ਬਾਅਦ ਵਿਚ ਉਸ ਨੂੰ ਤਜਰਬੇ ਨਾਲ ਪਰਖ ਨਾ ਲਵੇ ।'

'ਇਸੇ ਲਈ ਤਾਂ ਮੈਂ ਤੁਹਾਡੇ ਕੋਲ ਆਇਆ ਹਾਂ ਗੁਰੂਦੇਵ ਮੈਨੂੰ ਇਸ਼ਕ ਦਾ ਗਿਆਨ ਦਿਓ ।'

'ਸੁਣੋ' ਮਦਨ ਗੁਪਾਲ ਜੀ ਬੜੀ ਗੰਭੀਰਤਾ ਨਾਲ ਬੋਲੇ 'ਇਸ਼ਕ ਕਰਨ ਦੇ ਦੋ ਤਰੀਕੇ ਹਨ, ਇਕ ਤਾਂ ਤੁਹਾਡੇ ਕੋਲ ਪੈਸਾ ਹੋਵੇ ਤਾਂ ਇਸ਼ਕ ਦੀਆਂ ਸਾਰੀਆਂ ਮੰਜ਼ਲਾਂ ਆਪਣੇ ਆਪ ਹੀ ਤਹਿ ਹੋ ਜਾਂਦੀਆਂ ਹਨ । ਕਿਉਂ ਜੋ ਇਸ ਦੁਨੀਆ ਵਿਚ ਜਿੰਨੀਆਂ ਵੀ ਸੁਹਣੀਆਂ ਔਰਤਾਂ ਹਨ ਬੜੀਆਂ ਨਾਜ਼ਕ ਤੇ ਖੂਬਸੂਰਤੀ ਨੂੰ ਪਸੰਦ ਕਰਨ ਵਾਲੀਆਂ ਹੁੰਦੀਆਂ ਹਨ । ਜਿਵੇਂ—ਜੜਾਉ ਹਾਰ ਸੋਨੇ ਦਾ, ਕੈਡੀਲਾਕ ਦੀ ਖੂਬਸੂਰਤ ਕਾਰ, ਵਧੀਆ ਸਜਿਆ ਸਜਾਇਆ ਡਰਾਇੰਗ ਰੂਮ, ਕੀਮਤੀ ਸਾੜੀਆਂ ਜੇਕਰ ਇਹ ਖੂਬਸੂਰਤ ਚੀਜ਼ਾਂ ਤੁਸੀਂ ਔਰਤ ਨੂੰ ਦੇ ਸਕੋ ਤਾਂ ਉਹ ਬਹੁਤ ਛੇਤੀ ਹੀ ਤੁਹਾਡੀ ਹੋ ਜਾਵੇਗੀ ।'

'ਮਦਨ ਗੁਪਾਲ ਜੀ' ਮੈਂ ਬੜੀ ਮਾਯੂਸੀ ਨਾਲ ਆਖਿਆ 'ਮੈਂ ਇਕ ਗਰੀਬ ਲੇਖਕ ਹਾਂ । ਮਹੀਨੇ 'ਚ ਸੌ ਪੰਜਾਹ ਰੁਪੈ ਕਹਾਣੀਆਂ ਲਿਖ ਕੇ ਮਸਾਂ ਮਿਲਦੇ ਹਨ । ਇਸ ਤੋਂ ਬਿਨਾਂ ਇਕ ਅਖਬਾਰ ਦਾ ਸਬ ਐਡੀਟਰ ਵੀ ਹਾਂ । ਇਕ ਸੌ ਪੰਝੀ ਰੁਪੈ ਉਥੋਂ ਮਿਲਦੇ ਹਨ । ਫਿਰ ਮੇਰੀ ਬੁਢੀ ਮਾਂ ਹੈ, ਤਿੰਨ ਕੁਆਰੀਆਂ ਹਨ, ਦੋ ਬੇਵਾ ਮਾਸੀਆਂ ਹਨ ਜਿਨ੍ਹਾਂ ਦੇ ਸੱਤ ਨਿਕੇ ਨਿਆਣੇ ਹਨ । ਕੁਝ ਸਮਝ 'ਚ ਨਹੀਂ ਆਉਂਦਾ । ਇਕ ਸਾੜੀ ਤਕ ਤਾਂ ਖਰੀਦ ਨਹੀਂ ਸਕਦਾ, ਮੋਟਰ ਕਾਰ ਕਿਥੋਂ ਆਵੇਗੀ ?'

ਮਦਨ ਗੁਪਾਲ ਜੀ ਨੇ ਹੌਲੀ ਹੌਲੀ ਸੋਚ ਸੋਚ ਕੇ ਸਿਰ ਹਿਲਾਇਆ । ਫੇਰ ਬੜੇ ਗੰਭੀਰ ਸਵਰ 'ਚ ਬੋਲੇ, 'ਤਾਂ ਫਿਰ ਤੁਹਾਡੇ ਲਈ ਦੂਜਾ ਤਰੀਕਾ ਹੀ ਠੀਕ ਰਹੇਗਾ ।'

'ਉਹ ਕੀ ਹੈ ?'

'ਇਹਨੂੰ ਇਸ਼ਕ ਦਾ ਦੂਸਰਾ ਤਰੀਕਾ ਆਖਿਆ ਜਾਂਦਾ ਹੈ । ਆਮ ਤੌਰ ਤੇ ਇਹਨੂੰ ਹਿੰਗ ਲਗੇ ਨਾ ਫਟਕੜੀ ਨਾਂ ਦਾ ਇਸ਼ਕ ਸਦਿਆ ਜਾਂਦਾ ਹੈ । ਪਰ ਇਹਦੇ 'ਚ ਬੜੀ ਮੁਹਾਰਤ ਦੀ ਲੋੜ ਹੈ ਅਤੇ ਬਰਾਬਰ ਤਜਰਬੇ ਕਰਨੇ ਪੈਂਦੇ ਹਨ ।'

'ਮੈਂ ਦਿਨ ਰਾਤ ਮਿਹਨਤ ਕਰਨ ਲਈ ਤਿਆਰ ਹਾਂ । ਆਪ ਤਰੀਕਾ ਤਾਂ ਦਸੋ ?'

'ਇਸ ਤਰੀਕੇ ਦੀ ਥਿਊਰੀ ਇਹ ਹੈ ਕਿ ਔਰਤਾਂ ਖੂਬਸੂਰਤ ਗਹਿਣੇ, ਖੂਬਸੂਰਤ ਕਾਰਾਂ ਅਤੇ ਖੂਬਸੂਰਤ ਘਰਾਂ ਤੋਂ ਬਿਨਾਂ ਖੂਬਸੂਰਤ ਗਲਾਂ ਕਰਨ ਵਾਲੇ ਤੇ ਖੂਬਸੂਰਤ ਮਿਜਾਜ ਰਖਣ ਵਾਲੇ ਮਰਦਾਂ ਨੂੰ ਵੀ ਪਸੰਦ ਕਰਦੀਆਂ ਹਨ । ਇਸ ਤੋਂ ਬਿਨਾਂ ਜੇਕਰ ਮਰਦ ਖੁਦ ਸੁੰਦਰ ਵੀ ਹੋਵੇ ਤਾਂ ਕਿਆ ਕਹਿਣਾ । ਪਰ ਮੈਂ ਵੇਖ ਰਿਹਾ ਹਾਂ ਕਿ ਤੁਹਾਡਾ ਕਾਲਾ ਰੰਗ, ਮਾਤਾ ਦੇ ਦਾਗ, ਗੰਜਾ ਸਿਰ ਅਤੇ ਮਧਰਾ ਕਦ ਇਸ ਸਿਲਸਲੇ 'ਚ ਤੁਹਾਡੇ ਲਈ ਬੜੀਆਂ ਮੁਸ਼ਕਲਾਂ ਪੈਦਾ ਕਰੇਗਾ ।'

ਮੈਂ ਆਖਿਆਂ, 'ਮੈਂ ਕਿਸੇ ਮਧਰੇ ਕੱਦ ਵਾਲੀ ਔਰਤ ਨਾਲ ਇਸ਼ਕ ਕਰ ਲਵਾਂਗਾ, ਤੁਸੀਂ ਤਰੀਕਾ ਤਾਂ ਦਸੋ ।'

ਮਿਸਟਰ ਮਦਨ ਗੁਪਾਲ ਨੇ ਅਖਾਂ ਬੰਦ ਕਰ ਲਈਆਂ । ਕੁਝ ਮਿੰਟ ਉਹ ਕਿਸੇ ਡੂੰਘੇ ਅੰਤਰ-ਧਿਆਨ 'ਚ ਚਲੇ ਗਏ । ਜਦੋਂ ਉਹਨਾਂ ਅਖਾਂ ਖੋਲ੍ਹੀਆਂ ਤਾਂ ਉਹਨਾਂ ਦੇ ਚਿਹਰੇ ਤੇ ਮੁਸਕਰਾਹਟ ਸੀ ਤੇ ਖੁਸ਼ ਹੋ ਕੇ ਬੋਲੇ, 'ਤਰੀਕਾ ਸਮਝ 'ਚ ਆ ਗਈ ਹੈ । ਮੇਰੇ ਖਿਆਲ 'ਚ ਤੁਸੀਂ ਮਿਸ ਬਿਮਲਾ ਨਾਲ ਇਸ਼ਕ ਕਰੋ ।'

'ਉਹ ਜੋ ਕਾਲਜ 'ਚ ਪੜ੍ਹਦੀ ਹੈ ਅਤੇ ਬੜੀ ਸਫਾਈ ਪਸੰਦ ਹੈ ।'

'ਜੀ ਹਾਂ ! ਤੁਸੀਂ ਗੌਰ ਨਾਲ ਨਹੀਂ ਵੇਖਿਆ ਹੋਵੇਗਾ ਕਿ ਉਹ ਵਧੀਆ ਸੈਂਟ ਦੀ ਆਸ਼ਕ ਹੈ । ਪੈਰਿਸ ਦੇ ਵਧੀਆ ਸੈਂਟ ਉਹਦੇ ਪਰਸ 'ਚ ਰਹਿੰਦੇ ਹਨ । ਉਹਦੀ ਵਧੀਆ ਪਸੰਦ ਦਾ ਸੈਂਟ 'ਈਵਨਿੰਗ ਇਨ ਪੈਰਿਸ' ਹੈ । ਇਸ ਸੈਂਟ ਤੇ ਤਾਂ ਉਹ ਜਾਨ ਦੇਂਦੀ ਹੈ । ਤੁਸੀਂ ਕਲ ਹੀ ਬਜ਼ਾਰ ਚੋਂ ਇਹ ਸੈਂਟ ਲਿਆਓ । ਆਪਣੇ ਰੁਮਾਲ ਤੇ ਲਗਾ ਕੇ ਗਲੀ ਦੀ ਨੁਕਰ ਤੇ ਉਹਦਾ ਇੰਤਜ਼ਾਰ ਕਰੋ । ਜਦੋਂ ਉਹ ਕਾਲਜ ਜਾਣ ਲਗੇ ਤਾਂ ਤੁਸੀਂ ਉਸ ਵਲ ਥੋੜ੍ਹਾ ਜਿਹਾ ਮੁਸਕਰਾਉ । ਹੋ ਸਕਦਾ ਹੈ ਕਿ ਉਹ ਵੀ ਮੁਸਕਰਾਏ, ਹੋ ਸਕਦਾ ਏ ਨਾ ਵੀ ਮੁਸਕਰਾਏ । ਕੁਝ ਵੀ ਹੋਵੇ ਤੁਸੀਂ

ਏਸ ਗਲ ਦੀ ਪ੍ਰਵਾਹ ਨਾ ਕਰੋ । ਮੁਸਕਰਾ ਕੇ ਉਹਦੇ ਕੋਲੋਂ ਅਗੇ ਲੰਘ ਜਾਓ । ਅਗੇ ਨਿਕਲ ਕੇ ਕੁਝ ਕਦਮ ਚਲ ਕੇ ਆਪਣਾ ਰੁਮਾਲ ਜੇਬ ਚੋਂ ਕੱਢ ਕੇ ਜ਼ਮੀਨ ਤੇ ਸੁਟ ਦਿਓ । ਇਸ ਤਰ੍ਹਾਂ ਰੁਮਾਲ ਡਿਗੇ ਜਿਵੇਂ ਤੁਸਾਂ ਜਾਣ ਬੁਝ ਕੇ ਨਹੀਂ ਸੁਟਿਆ ਹੈ । ਸਗੋਂ ਆਪ ਹੀ ਡਿਗਾ ਹੈ । ਰੁਮਾਲ ਡਿੱਗਾ ਵੇਖ ਕੇ ਮਿਸ ਬਿਮਲਾ ਯਕੀਨਨ ਤੁਹਾਡਾ ਰੁਮਾਲ ਚੁਕੇਗੀ ਅਤੇ ਖੁਸ਼ਬੋ ਉਹਦੇ ਨਕ ਤੀਕ ਪੁਜੇਗੀ । ਉਹ ਤੁਹਾਨੂੰ ਅਵਾਜ਼ ਦੇਵੇਗੀ । ਆਪ ਜ਼ਰਾ ਘਬਰਾਹਟ ਜਹੀ 'ਚ ਖਲੋ ਜਾਣਾ । ਮੁੜ ਕੇ ਵੇਖਣਾ ਤਾਂ ਤੁਹਾਡਾ ਰੁਮਾਲ ਉਹਦੇ ਹੱਥ 'ਚ ਹੋਵੇਗਾ । ਆਪ ਥੈਂਕਯੂ ਕਹਿ ਕੇ ਰੁਮਾਲ ਉਹਦੇ ਹਥੋਂ ਲੈ ਲੈਣਾ । ਸੁਹੱਪਣ ਪਸੰਦ ਔਰਤ ਜ਼ਰੂਰ ਤੁਹਾਨੂੰ ਸਵਾਲ ਕਰੇਗੀ, 'ਕੀ ਤੁਹਾਨੂੰ ਵੀ 'ਈਵਨਿੰਗ ਇਨ ਪੈਰਿਸ' ਪਸੰਦ ਹੈ ?' ਫਿਰ ਖੁਸ਼ਬੂਆਂ ਤੇ ਗਲ ਤੁਰ ਪਏਗੀ ਤੇ ਤੁਰਦੀ ਤੁਰਦੀ ਦਿਲ ਦੀ ਖੁਸ਼ਬੂ ਤੀਕ ਵੀ ਪੁਜ ਸਕਦੀ ਹੈ ।'

ਮੈਂ ਖੁਸ਼ੀ ਨਾਲ ਉਛਲਿਆ ਤੇ ਮਦਨ ਗੁਪਾਲ ਜੀ ਦਾ ਹੱਥ ਚੁੰਮ ਕੇ ਆਖਿਆ, 'ਵਾਹ ! ਵਾਹ ! ਉਸਤਾਦ ਜੀ, ਕੈਸਾ ਤਰੀਕਾ ਦਸਿਆ ਜੇ । ਮੈਂ ਕਲ ਸਵੇਰ ਤੋਂ ਹੀ ਇਸ ਤੇ ਅਮਲ ਕਰਾਂਗਾ ।'

'ਫਿਰ ਕਲ ਸ਼ਾਮ ਨੂੰ ਹੀ ਇਹਦੀ ਰਿਪੋਰਟ ਵੀ ਦੇ ਦੇਣਾ । ਫਿਰ ਇਸ ਤੋਂ ਅਗੇ ਜੋ ਕਰਨਾ ਹੈ, ਉਹਦਾ ਢੰਗ ਵੀ ਮੈਂ ਤੁਹਾਨੂੰ ਦਸਾਂਗਾ ।'

ਦੂਜੇ ਦਿਨ ਸ਼ਾਮੀਂ ਜਦੋਂ ਮੈਂ ਮਦਨ ਗੋਪਾਲ ਜੀ ਦੇ ਘਰ ਗਿਆ ਤਾਂ ਉਹਨਾਂ ਨੇ ਮੇਰੇ ਨਿਰਾਸ ਚਿਹਰੇ ਤੋਂ ਹੀ ਅਦਾਜ਼ਾ ਲਾ ਲਿਆ ਕਿ ਕਿਤੇ ਕੋਈ ਗੜ ਬੜ ਹੈ ਤੇ ਮੇਰੇ ਅੰਦਰ ਆਉਂਦਿਆਂ ਹੀ ਉਹਨਾਂ ਪੁਛਿਆ—

'ਕੀ ਬਣਿਆ, ਮੁਸਕਰਾਨਾ ਤਾਂ ਨਹੀਂ ਭੁਲ ਗਏ ?'

'ਜੀ ਨਹੀਂ, ਮੁਸਕਰਾਇਆ ਤਾਂ ਸਾਂ, ਪਰ ਝਿਜਕ ਕਾਰਨ ਮੁਸਕਰਾਹਟ ਕੁਝ ਐਸੀ ਡਰਾਉਣੀ ਜਹੀ ਸੀ ਕਿ ਮਿਸ ਬਿਮਲਾ ਨੂੰ ਗੁਸਾ ਆ ਗਿਆ ਤੇ ਉਸ ਨਫਰਤ ਨਾਲ ਮੂੰਹ ਫੇਰਦਿਆਂ ਜਲਦੀ ਜਲਦੀ ਮੈਥੋਂ ਵੀ ਪਹਿਲਾਂ ਅਗਾਂਹ ਤੁਰ ਗਈ ।'

'ਬੇਵਕੂਫ, ਮੈਂ ਤੈਨੂੰ ਅਗੇ ਨਿਕਲ ਜਾਣ ਵਾਸਤੇ ਕਿਹਾ ਸੀ ।'

'ਸੁਣੋ ਤਾਂ ਸਹੀ, ਉਹ ਏਨੀ ਤੇਜ਼ੀ ਨਾਲ ਟੁਰੀ ਕਿ ਮੈਨੂੰ ਪਿੱਛਾ ਕਰਨਾ ਮੁਸ਼ਕਲ ਹੋ ਗਿਆ । ਕਿਵੇਂ ਨਾ ਕਿਵੇਂ ਭਜ ਨਠ ਕੇ ਹਫਦਿਆਂ ਹਫਦਿਆਂ ਮੈਂ ਉਹਦੇ ਅਗੋਂ ਦੀ ਲੰਘ ਗਿਆ ਤੇ ਰੁਮਾਲ ਬੜੀ ਹੁਸ਼ਿਆਰੀ ਨਾਲ ਜ਼ਮੀਨ ਤੇ ਡੇਗ ਦਿਤਾ ਤੇ ਓਸ ਡਿਗਦਾ ਰੁਮਾਲ ਵੇਖ ਕੇ ਚੁਕ ਵੀ ਲਿਆ ।'

'ਸ਼ਾਬਾਸ਼ !' ਮਦਨ ਗੁਪਾਲ ਜੀ ਨੇ ਮੇਰੀ ਪਿੱਠ ਤੇ ਹਥ ਫੇਰਿਆ ਤੇ ਕਹਿਣ ਲਗੇ, 'ਸ਼ਾਬਾਸ਼ !'

'ਅਗੇ ਤਾਂ ਸੁਣੋ, ਰੁਮਾਲ ਚੁਕ ਕੇ ਉਹਨੇ ਇਕ ਵਾਰ ਤਾਂ ਵੇਖਿਆ ਤੇ ਫੇਰ ਭੈੜਾ ਜਿਹਾ ਮੂੰਹ ਬਣਾ ਕੇ ਗੰਦੀ ਨਾਲੀ 'ਚ ਸੁੱਟ ਦਿਤਾ ।'

'ਹੈਂ ! ਕਿਉਂ ? ਤੂੰ ਖੁਸ਼ਬੋ ਨਹੀਂ ਲਾਈ ਸੀ ?'

'ਖੁਸ਼ਬੂ ਤਾਂ ਲਾਈ ਸੀ ਜਨਾਬ, ਪਰ ਅਸਲ 'ਚ ਮੇਰੇ ਵਿਚ ਇਕ ਵਡੀ ਭੈੜੀ ਆਦਤ ਹੈ ਕਿ ਮੈਂ ਰੁਮਾਲ 'ਚ ਹੀ ਥੁਕਦਾ ਹਾਂ, ਰੁਮਾਲ ਨਾਲ ਹੀ ਬਲਗਮ ਸਾਫ ਕਰਦਾ ਹਾਂ । ਮਿਸ ਬਿਮਲਾ ਦੇ ਹਥ ਨੂੰ ਬਲਗਮ ਲਗ ਗਿਆ ਸੀ । ਏਸ ਲਈ ਮੈਨੂੰ ਓਹਨੇ ਸਲਵਾਤਾਂ ਸੁਣਾਈਆਂ, ਗੰਦਾ...ਮੂਰਖ... ਬਦਤਮੀਜ਼ ਖੋਤਾ ਅਤੇ ਹੋਰ ਪਤਾ ਨਹੀਂ ਕੀ ਕੀ ਆਖਿਆ ਮੈਂ ਤਾਂ ਇਥੋਂ ਭਜ ਕੇ ਜਾਨ ਛੁਡਾਈ ।'

ਮਦਨ ਗੁਪਾਲ ਨੇ ਆਪਣੇ ਮਥੇ ਤੇ ਹਥ ਮਾਰਿਆ । 'ਕੀ ਪਤਾ ਸੀ ਕਿ ਤੂੰ ਆਪਣੇ ਗੰਦੇ ਰੁਮਾਲ 'ਚ ਹੀ ਸੈਂਟ ਲਾਵੇਂਗਾ । ਅਨਾੜੀ ਈ ਰਿਹਾ ਨਾ । ਮਿਸ ਬਿਮਲਾ ਤਾਂ ਹੁਣ ਤੇਰੇ ਹਥਾਂ ਚੋਂ ਗਈ ਤੇ ਸਾਰੀ ਉਮਰ ਹੁਣ ਤੇ ਉਸ ਨਾਲ ਤਾਂ ਇਸ਼ਕ ਨਹੀਂ ਕਰ ਸਕਦਾ ।'

ਮੈਂ ਮਦਨ ਗੁਪਾਲ ਦੇ ਪੈਰ ਫੜ ਲਏ । 'ਨਹੀਂ-ਨਹੀਂ ਅਜਿਹਾ ਨਾ ਕਹੋ ਮੈਂ ਤਾਂ ਇਸ਼ਕ ਕਰਾਂਗਾ, ਜ਼ਰੂਰ ਕਰਾਂਗਾ, ਪ੍ਰਮਾਤਮਾ ਦੇ ਨਾਂ ਤੇ ਮੇਰੀ ਹਾਲਤ ਤੇ ਰਹਿਮ ਕਰੋ । ਮੈਨੂੰ ਇਸ਼ਕ ਕਰਨਾ ਸਿਖਾ ਦਿਓ ।'

ਮੈਨੂੰ ਏਸ ਤਰ੍ਹਾਂ ਗਿੜਗਿੜਾਂਦਿਆਂ ਵੇਖ ਕੇ ਸ਼ਾਇਦ ਮਦਨ ਗੁਪਾਲ ਜੀ ਨੂੰ ਮੇਰੇ ਤੇ ਤਰਸ ਆ ਗਿਆ । ਆਪਣੇ ਗੁਸੇ ਤੇ ਕਾਬੂ ਪਾ ਕੇ ਬੋਲੇ, 'ਖੈਰ ਕੋਈ ਗਲ ਨਹੀਂ, ਹੁਣ ਮੈਂ ਇਸ਼ਕ ਦੀ ਤੀਸਰੀ ਕਿਸਮ ਦਸਦਾ ਹਾਂ ।'

'ਇਸ਼ਕ ਦੀ ਤੀਜੀ ਤਰਤੀਬ, ਛੇਤੀ ਦਸੋ, ਛੇਤੀ ਦਸੋ ਮੇਰੇ ਗੁਰੂਦੇਵ ਅਤੇ ਤਰਤੀਬ ਦਾ ਢੰਗ ਵੀ ਦਸੋ ।'

ਮਦਨ ਗੁਪਾਲ ਜੀ ਬੋਲੇ, 'ਇਸ ਤਰੀਕੇ ਨੂੰ ਫੁਲਾਂ ਵਾਲਾ ਇ[illegible] ਕਹਿੰਦੇ ਹਨ । ਇਹ ਇਸ਼ਕ ਫੁਲਾਂ ਰਾਹੀਂ ਕੀਤਾ ਜਾਂਦਾ ਹੈ । ਏਸ ਲਈ ਜ਼ਰੂਰੀ ਹੈ ਕਿ ਤੁਸੀਂ ਅਜਿਹੀ ਵੇਖੋ ਜਿਥੇ ਕੋਈ ਔਰਤ ਇਕਲੀ ਬੈਠੀ ਹੋਵੇ ਅਤੇ ਸਾਹਮਣੇ ਫੁਲ ਖਿੜੇ ਹੋਏ ਹੋਣ । ਤੁਸੀਂ ਭਰੇ ਗੁਲਜ਼ਾਰ ਚੋਂ ਇਕ ਫੁਲ ਤੋੜ ਕੇ ਬੜੇ ਰਖ ਰਖਾਓ ਤੇ ਇਜ਼ਤ ਨਾਲ ਉਹਨੂੰ ਫੁਲ ਪੇਸ਼ ਕਰੋ ਤੇ ਨਾਲ ਕੋਈ ਸੁੰਦਰ ਜਿਹਾ ਵਾਕ ਵੀ ਕਹੋ ਜਿਵੇਂ ਜਿਵੇਂ ... ਲਓ ਜੀ ਫੁੱਲ ਦੇ ਲਈ ਫੁਲ ਹਾਜ਼ਰ ਹੈ । ਔਰਤ ਸ਼ਰਮਾਏਗੀ, ਮੁਸਕਰਾਏਗੀ, ਤੁਹਾਡਾ ਧੰਨਵਾਦ ਕਰੇਗੀ ਤੇ ਗਲ ਅਗੇ ਟੁਰ ਪਵੇਗੀ । ਅਗੇ ਟੁਰੀ ਨਹੀਂ ਤੇ ਤੁਸੀਂ ਠੰਡੇ ਸਾਹ ਭਰਨੇ ਸ਼ੁਰੂ ਕਰ ਦਿਓ । ਜਦੋਂ ਔਰਤ ਤੁਹਾਡੇ ਕੋਲੋਂ ਠੰਡੇ ਸਾਹ ਭਰਨ ਦਾ ਕਾਰਨ ਪੁਛੇ ਤਾਂ ਤੁਸੀਂ ਉਹਨੂੰ ਸਾਫ ਈ ਕਹਿ ਦਿਓ ਕਿ ਠੰਡੇ ਸਾਹ ਭਰਨ ਦਾ ਕਾਰਨ ਸਿਰਫ ਤੂੰ ਹੈਂ ... ਤੂੰ ਹੈਂ ... ਅਤੇ ਮੈਨੂੰ ਤੇਰੇ ਨਾਲ ਇਸ਼ਕ ਹੈ ।'

'ਵਾਹ ! ਕੈਸਾ ਵਧੀਆ ਤਰੀਕਾ ਦਸਿਆ ਜੇ ਮਦਨ ਗੁਪਾਲ ਜੀ, ਮੈਨੂੰ ਨਾ ਸਾੜੀ ਦੀ ਲੋੜ ਨਾ ਕਾਰ ਦੀ, ਸਿਰਫ ਕੁਝ ਫੁਲ ਤੇ ਮਿਠੀਆਂ ੨ ਗਲਾਂ । ਐਤਕੀਂ ਮੈਂ ਜ਼ਰੂਰ ਕਾਮਯਾਬ ਹੋ ਜਾਵਾਂਗਾ । ਵੇਖ ਲੈਣਾ ਤੁਹਾਡਾ ਸ਼ਾਗਿਰਦ ਐਤਕੀਂ ਅਸਫਲ ਨਹੀਂ ਹੋਵੇਗਾ । ਮੈਂ ਕਲ ਹੀ ਇਹ ਤਰੀਕਾ ਵਰਤਾਂਗਾ । ਪਰ ?'

'ਪਰ ਕੀ ?'

'ਜੇਕਰ ਤਰੀਕਾ ਦਸਿਆ ਜੇ ਤਾਂ ਕੁੜੀ ਵੀ ਦਸੋ ਜਿਸ ਤੇ ਇਹ ਤਜਰਬਾ ਕੀਤਾ ਜਾਵੇ ।'

ਸੋਚ ਸੋਚ ਕੇ ਮਦਨ ਗੁਪਾਲ ਜੀ ਬੋਲੇ, 'ਉਹ ਰੇਲਵੇ ਦੇ ਗਾਰਡ ਦੀ ਕੁੜੀ ਮੇਰੀ ਡੀ ਸੋਜ਼ਾ ਏ ਨਾ, ਬੜੀ ਸ਼ੋਖ

ਤੇ ਚੰਚਲ । ਹਰ ਵੇਲੇ ਆਪਣੇ ਵਾਲਾਂ 'ਚ ਫੁਲ ਟੰਗੀ ਰਖਦੀ ਹੈ । ਬੜੀ ਰੁਮਾਂਟਿਕ ਕੁੜੀ ਹੈ । ਇਹ ਤਰੀਕਾ ਤੂੰ ਉਸ ਤੇ ਅਜ਼ਮਾ ਕੇ ਵੇਖ ਤੇ ਕਲ ਸ਼ਾਮ ਨੂੰ ਮੈਨੂੰ ਰਿਪੋਰਟ ਵੀ ਕਰੀਂ ।'

ਮੈਂ ਆਪਣੇ ਉਸਤਾਦ ਦੇ ਹੱਥ ਚੁੰਮੇ ਤੇ ਓਥੋਂ ਉਸੇ ਵੇਲੇ ਹੀ ਟੁਰ ਪਿਆ ।

ਦੂਜੇ ਦਿਨ ਜਦੋਂ ਮੈਂ ਮਦਨ ਗੁਪਾਲ ਜੀ ਦੇ ਘਰ ਗਿਆ ਤਾਂ ਮੇਰਾ ਉਦਾਸ ਚਿਹਰਾ ਵੇਖ ਕੇ ਕਹਿਣ ਲਗੇ, 'ਕੀ ਗਲ ਕੁੜੀ ਇਕਲੀ ਨਹੀਂ ਮਿਲੀ ?'

'ਜੀ ਨਹੀਂ — ਮੇਰੀ ਡੀ ਸੱਜ਼ਾ ਬੈਠੀ ਤਾਂ ਇਕਲੀ ਹੀ ਸੀ ਆਪਣੇ ਮਕਾਨ ਦੇ ਪਿਛਵਾੜੇ ਵਲ । ਦੁਪਹਿਰ ਢਲ ਰਹੀ ਸੀ । ਉਹ ਬਿਲਕੁਲ ਇਕਲੀ ਸੀ । ਪਿਛਵਾੜੇ ਜ਼ੰਗ ਲਗੇ ਟੀਨ ਦੇ ਡੱਬੇ, ਪੁਰਾਣੇ ਢੋਲ, ਲੋਹੇ ਦੇ ਗਲੇ ਸੜੇ ਪਾਈਪ ਤੇ ਬਹੁਤ ਸਾਰਾ ਕੂੜਾ ਕਰਕਟ ਪਿਆ ਸੀ । ਸਾਰਾ ਵਾਤਾਵਰਨ ਇਕ ਅਜੀਬ ਜਹੇ ਰੁਮਾਂਟਿਕ ਤਰੀਕੇ ਨਾਲ ਭਰਪੂਰ ਸੀ ਅਤੇ ਕਈ ਕਿਸਮ ਦੀਆਂ ਖੁਸ਼ਬੋਆਂ ਆ ਰਹੀਆਂ ਸਨ ।'

'ਤਾਂ ਫੁਲ ਨਹੀਂ ਹੋਣੇ ਓਥੇ, ਪਿਛਵਾੜੇ 'ਚ ਫੁਲ ਕਿਥੋਂ ਆਏ ?'

'ਜੀ ਨਹੀਂ, ਫੁਲ ਵੀ ਸਨ । ਪਿਛਵਾੜੇ ਦੀ ਕੰਧ ਨਾਲ ਲੱਗੀ ਇਕ ਝਾੜੀ ਨਾਲ ਚਿਟੇ ੨ ਲੰਮੇ ੨ ਚਿਲਗਾਂ ਵਰਗੇ ਫੁਲ ਵੀ ਸਨ ।'

'ਫੇਰ ਤੂੰ ਕੀ ਕੀਤਾ ?'

'ਮੈਂ ਉਸ ਝਾੜੀ ਚੋਂ ਇਕ ਫੁਲ ਤੋੜਿਆ ਅਤੇ ਮੁਸਕਰਾ ਕੇ ਮੇਰੀ ਡੀ ਸੱਜ਼ਾ ਨੂੰ ਪੇਸ਼ ਕਰਦਿਆਂ ਆਖਿਆ, 'ਫੁੱਲ ਦੇ ਲਈ ਫੁਲ ਹਾਜ਼ਰ ਹੈ ।'

'ਫੇਰ ਉਹਨੇ ਕੀ ਆਖਿਆ ?'

ਗੁਸੇ 'ਚ ਬੋਲੀ, 'ਬੁਧੂ ਇਹ ਤਾਂ ਧਤੂਰੇ ਦੇ ਫੁਲ ਹਨ ?'

'ਬੁਧੂ, ਮੂਰਖ, ਜਾਹਲ' ਮਦਨ ਗੁਪਾਲ ਜੀ ਚੀਕੇ, 'ਤੂੰ ਧਤੂਰੇ ਦੇ ਗੰਦੀ ਤੇ ਕੌੜੀ ਬੋ ਵਾਲੇ ਫੁਲ ਮੇਰੀ ਡੀ ਸੱਜ਼ਾ ਨੂੰ ਪੇਸ਼ ਕਰ ਦਿਤੇ । ਉਫ਼ ! ... ਉਫ਼ ... !'

'ਹੋਰ ਕੋਈ ਫੁਲ ਹੀ ਨਾ ਦਿਸਿਆ ਮੈਨੂੰ ਉਥੇ, ਅਤੇ ਇਹੀ ਗਲ ਮੈਂ ਮੇਰੀ ਡੀ ਸੱਜ਼ਾ ਨੂੰ ਵੀ ਆਖੀ ਸੀ ।'

'ਫੇਰ ਕੀ ਹੋਇਆ ?'

'ਕੁਝ ਨਹੀਂ', ਉਹ ਚੁਪ ਕੀਤੀ ਬੈਠੀ ਰਹੀ । ਕਦੀ ਪੈਰ ਜ਼ਮੀਨ ਤੇ ਮਾਰਦੀ ਸੀ । ਕਦੀ ਸਿਰ ਦੇ ਵਾਲ ਏਧਰ ਓਧਰ ਕਰਦੀ ਸੀ । ਜਦੋਂ ਮੇਰੀ ਸਮਝ 'ਚ ਕੁਝ ਨਾ ਆਇਆ ਤਾਂ ਮੈਂ ਠੰਢੇ ੨ ਸਾਹ ਭਰਨੇ ਸ਼ੁਰੂ ਕਰ ਦਿਤੇ । ਇਹ ਵੇਖ ਕੇ ਉਸ ਘਬਰਾ ਕੇ ਮੇਰੇ ਚਿਹਰੇ ਵਲ ਵੇਖਿਆ ਤੇ ਕਹਿਣ ਲਗੀ, 'ਕਿਉਂ ਜੀ, ਕੀ ਤੁਹਾਡੇ ਢਿਡ ਪੀੜ ਹੋ ਰਹੀ ਹੈ ?'

ਮੈਂ ਘਬਰਾ ਕੇ ਆਖਿਆ, 'ਹਾਂ ਜੀ ।'

'ਮੇਰੇ ਖਿਆਲ 'ਚ ਤੁਹਾਨੂੰ ਇਕ ਦਮ ਜਲਾਬ ਲੈ ਲੈਣਾ ਚਾਹੀਦਾ ਹੈ ।' ਉਹਨੇ ਸਲਾਹ ਦਿਤੀ । ਇਹ ਕਹਿ ਕੇ ਉਹ ਆਪਣੇ ਘਰ ਵਲ ਭਜ ਗਈ ਤੇ ਉਹਦੇ ਚਿਹਰੇ ਤੇ ਇਕ ਐਸੀ ਹਾਸੀ, ਸ਼ਰਾਰਤ ਤੇ ਨਫ਼ਰਤ ਸੀ ਕਿ ਮੈਂ ਹੁਣ ਜ਼ਿੰਦਗੀ ਭਰ ਉਹਦੇ ਨਾਲ ਅਖ ਨਹੀਂ ਮਿਲਾ ਸਕਾਂਗਾ ।'

ਮੈਂ ਸ਼ਰਮ ਨਾਲ ਸਿਰ ਨੀਵਾਂ ਕਰ ਲਿਆ ।

'ਚਲੇ ਜਾਓ ..ਗੈਟ ਆਊਟ...' ਮਦਨ ਗੁਪਾਲ ਗੁਸੇ 'ਚ ਬੋਲੇ,'ਮੇਰੀਆਂ ਅੱਖਾਂ ਤੋਂ ਦੂਰ ਹੋ ਜਾਓ ।'

'ਨਹੀਂ ਉਸਤਾਦ ਰਬ ਦੇ ਨਾਂ ਤੇ ਮੈਨੂੰ ਬਚਾਓ । ਕਿਸੇ ਤਰੀਕੇ ਨਾਲ ਮੈਨੂੰ ਇਸ਼ਕ ਕਰਨਾ ਸਿਖਾ ਦਿਉ ਨਹੀਂ ਤਾਂ ਮੈਂ ਮਰ ਜਾਵਾਂਗਾ ।' ਇਹ ਕਹਿ ਕੇ ਮੈਂ ਧਾਹੀਂ ਮਾਰ ਕੇ ਰੋਣ ਲਗ ਪਿਆ ।

ਮੈਨੂੰ ਰੋਂਦਿਆ ਵੇਖ ਕੇ ਉਹਨਾਂ ਦੇ ਦਿਲ 'ਚ ਰਹਿਮ ਆ ਗਿਆ ਤੇ ਮੇਰੇ ਅਥਰੂ ਪੂੰਜਦੇ ਹੋਏ ਕਹਿਣ ਲਗੇ, 'ਹੁਣ ਮੈਂ ਤੈਨੂੰ ਇਸ਼ਕ ਦੀ ਚੌਥੀ ਤਰਕੀਬ ਦਸਦਾ ਹਾਂ, ਪਰ ਖ਼ਬਰਦਾਰ ਜੇਕਰ ਐਤਕੀਂ ਭੋਰਾ ਵੀ ਗਲਤੀ ਕੀਤੀ ।'

ਮੈਂ ਆਪਣੇ ਕੰਨਾਂ ਨੂੰ ਹਥ ਲਾ ਕੇ ਆਖਿਆ, 'ਹੁਣ ਮੈਂ ਬਿਲਕੁਲ ਗਲਤੀ ਨਹੀਂ ਕਰਾਂਗਾ ਉਸਤਾਦ ਜੀ । ਮੇਰੀ ਧੌਣ ਵਢ ਦੇਣਾ ਜੇਕਰ ਮੈਂ ਰਤੀ ਭਰ ਵੀ ਏਧਰੋਂ ਓਧਰ ਹੋ ਜਾਵਾਂ । ਜਿਸ ਤਰ੍ਹਾਂ ਤੁਸੀਂ ਕਹੋਗੇ, ਬਿਲਕੁਲ ਹੀ ਉਸੇ ਤਰਾਂ ਕਰਾਂਗਾ ।'

ਮਦਨ ਗੁਪਾਲ ਜੀ ਬੋਲੇ, 'ਇਹ ਇਸ਼ਕ ਦੀ ਚੌਥੀ ਕਿਸਮ ਹੈ । ਇਹਨੂੰ 'ਇਸ਼ਕ ਬਾਹਵਾਂ ਦੇ ਜ਼ੋਰ ਤੇ' ਕਹਿੰਦੇ ਹਨ ।'

'ਬਾਹਵਾਂ ਦੇ ਜ਼ੋਰ ਨਾਲ ਇਸ਼ਕ ।'

'ਹਾਂ...ਹਾਂ...ਏਸ ਵਿਚ ਆਦਮੀ ਨੂੰ ਆਪਣੀ ਗਲਤੀ ਨਾਲ ਕੋਈ ਕੰਮ ਨਹੀਂ ਲੈਣਾ ਪੈਂਦਾ ਅਤੇ ਤੇਰੇ ਲਈ ਇਹ ਵਧੀਕ ਸਭ ਨਾਲੋਂ ਠੀਕ ਰਹੇਗਾ ।'

'ਤਾਂ ਛੇਤੀ ਦਸੋ ਮੇਰੇ ਗੁਰੂ ਦੇਵ, ਮੇਰੇ ਰਹਿਬਰ, ਮੇਰੇ ਉਸਤਾਦ ।'

'ਏਸ ਵਿਚ ਬਹੁਤੇ ਕਸ਼ਟ ਕਰਨ ਦੀ ਲੋੜ ਨਹੀਂ ਹੁੰਦੀ । ਇਕ ਕੁੜੀ ਛਾਂਟ ਲਵੋ ਜੋ ਤੁਹਾਨੂੰ ਸਭ ਤੋਂ ਜ਼ਿਆਦਾ ਪਸੰਦ ਹੋਵੇ । ਉਹਨੂੰ ਕਿਤੇ ਇਕਲਿਆਂ ਵੇਖ ਕੇ ਹੱਥ ਪਾ ਲਓ ਤੇ ਬਸ ਤੁਹਾਡਾ ਇਸ਼ਕ ਕਾਮਯਾਬ ਹੈ ,ਕਿਉਂਕਿ ਹਰ ਔਰਤ ਮਰਦਾਨਗੀ ਨੂੰ ਪਸੰਦ ਕਰਦੀ ਹੈ ।'

ਕੀ ਇਹ ਦਸਣ ਦੀ ਲੋੜ ਹੈ ਕਿ ਮੈਂ ਇਹ ਢੰਗ ਵੀ ਅਜ਼ਮਾ ਕੇ ਵੇਖ ਲਿਆ ਹੈ ਤੇ ਹੁਣ ਇਹ ਕਹਾਣੀ ਜੇਲ੍ਹ ਦੀਆਂ ਸੀਖਾਂ ਪਿਛੋਂ ਲਿਖ ਰਿਹਾ ਹਾਂ । ਪਰ ਮੈਂ ਅਜੇ ਤੀਕ ਹਿੰਮਤ ਨਹੀਂ ਹਾਰੀ । ਮੇਰਾ ਇਹ ਇਰਾਦਾ ਹੈ ਕਿ ਛੇ ਮਹੀਨਿਆਂ ਦੀ ਇਹ ਕੈਦ ਕਟ ਕੇ ਮੈਂ ਫੇਰ ਆਪਣੇ ਮੁਹਤਰਮ ਉਸਤਾਦ ਦੀ ਸੇਵਾ 'ਚ ਹਾਜ਼ਰ ਹੋ ਕੇ ਇਸ਼ਕ ਦਾ ਪੰਜਵਾਂ ਤਰੀਕਾ ਜ਼ਰੂਰ ਪੁਛਾਂਗਾ ।

---

**ਰਚਨਾਵਾਂ ਤੇ ਸੁਝਾ ਭੇਜਣ ਦਾ ਪਤਾ :**

**'ਵਤਨੋਂ ਦੂਰ'**

**P. O. BOX 1041**

**Coquitlam, B. C. Canada**

CONGRATULATIONS AND BEST WISHES TO

THE WATNO DUR

on completion of ② years from

# EAST-WEST FILMS LIMITED

VANCOUVER, B.C.

*The exclusive distributors in North America of*

*Hindi and Punjabi movies.*

Inquiries welcome. No obligation.

PHONE: 874-8867 OR 438-4884

CHOHAN ENTERPRISES

SHIFTED TO NEW LOCATION AT

6684 MAIN STREET (AT 51ST AVE.), VANCOUVER,B.C.

PHONE:

SHOP: 327-4911

RES.: 324-7302

LISTEN TO

NEW RADIO PROGRAM

SAAZ AUR AWAZ

K I S M (FM 93 BELLINGHAM)

10:30 A.M. TO 12:00 NOON ON SUNDAYS

# ਪਾਕਿਸਤਾਨ ਦੇ ਪੰਜਾਬੀ-ਗਾਇਕ ਤੇ ਗੀਤ

( ਪ੍ਰੋ: ਗੁਰਮੁਖ ਸਿੰਘ ਸਹਿਗਲ )



ਮਹਿਦੀ ਹਸਨ

*1947 ਦੀ ਸਿਆਸੀ ਤੇ ਮਜ਼ਬੀ ਵੰਡ ਨੇ ਜਿਥੇ ਲੋਕਾਂ ਵਿਚ ਵਿਤ੍ਰਕਰੇ ਪਾ ਕੇ ਉਨ੍ਹਾਂ ਨੂੰ ਦਰਬਦਰ ਕੀਤਾ ਉਥੇ ਸੰਗੀਤ ਤੇ ਕਵਿਤਾ ਨੂੰ ਵੀ ਵੰਡ ਕੇ ਰੱਖ ਦਿਤਾ।*

ਕਵਿਤਾ ਤੇ ਸੰਗੀਤ ਦਾ ਆਪਸ ਵਿਚ ਬੜਾ ਡੂੰਘਾ ਤੇ ਗਹਿਰਾ ਰਿਸ਼ਤਾ ਹੈ। ਸੰਗੀਤ ਸੁਰਾਂ ਵਿਚ ਕਵਿਤਾ ਹੈ ਅਤੇ ਕਵਿਤਾ ਵਿਚ ਸੰਗੀਤ ਹੈ। ਗਾਇਨ, ਵਾਦਨ ਤੇ ਨ੍ਰਿੱਤ ਇਨ੍ਹਾਂ ਤਿੰਨਾ ਦੇ ਮਿਸ਼ਰਣ ਨੂੰ ਸੰਗੀਤ ਕਿਹਾ ਗਿਆ ਹੈ। ਜਿਥੋਂ ਤੱਕ ਵਾਦਨ ਤੇ ਨ੍ਰਿੱਤ ਦਾ ਸਬੰਧ ਹੈ, ਇਨ੍ਹਾਂ ਵਿਚ ਕਵਿਤਾ ਮੂਕ ਹੁੰਦੀ ਹੈ। ਸੁਰਾਂ ਤੇ ਲੈਅ ਵਿਚ ਭਾਵਾਂ ਦੀ ਪ੍ਰਧਾਨਤਾ ਹੁੰਦੀ ਹੈ, ਅਤੇ ਸ਼ਬਦ ਨਿਰਅਥਕ ਹੁੰਦੇ ਹਨ। ਸਿਤਾਰ, ਸਰੰਗੀ, ਵਾਇਲਨ ਦੀ ਅਵਾਜ਼ ਸ਼ਬਦ ਰਹਿਤ ਹੈ ਪਰ ਇਸ ਦੇ ਵਿਪਰੀਤ ਗਾਇਨ ਵਿਚ ਅਵਾਜ਼ ਸ਼ਬਦ ਸੁਰਾਂ ਦੀ ਕੋਮਲਤਾ ਨਾਲ ਇਕਮਿਕ ਹੋ ਕੇ ਚਮਕ ਉਠਦੇ ਹਨ। ਸੁਰੀਲੇ ਤੇ ਕੋਮਲ ਗਲੇ ਵਿਚੋਂ ਕਵਿਤਾ ਦਾ ਉਚਾਰਣ ਕਵਿਤਾ ਨੂੰ ਚਾਰ ਚੰਨ ਲਾ ਦਿੰਦਾ ਹੈ। ਸੋ ਸੰਗੀਤ ਦਾ ਜੁਜ਼ ਗਾਇਨ ਹੀ ਇਕ ਅਜੇਹਾ ਕੋਮਲ ਹੁਨਰ ਹੈ, ਜੋ ਕਵਿਤਾ ਵਿਚ ਖੂਬਸੂਰਤੀ ਤੇ ਮਿਠਾਸ ਭਰ ਦਿੰਦਾ ਹੈ।

ਅਜੋਕੇ ਸਮੇਂ ਵਿਚ ਪਾਕਿਸਤਾਨ ਵਿਚ ਜਿੰਨੇ ਵੀ ਗਾਇਕ ਹਨ ਉਹਨਾਂ ਨੇ ਆਪਣੀਆਂ ਸੁਰੀਲੀਆਂ ਤੇ ਮੱਧੁਰ ਆਵਾਜ਼ਾਂ ਰਾਹੀਂ ਪੰਜਾਬੀ ਕਵਿਤਾ ਨੂੰ ਸੰਵਾਰਿਆ ਤ ਸ਼ਿੰਗਾਰਿਆ ਹੈ। ਪੰਜਾਬੀ ਲੋਕ ਗੀਤ, ਲੋਕ ਕਹਾਣੀਆਂ, ਲੋਕ ਵਾਰਾਂ ਦੇ ਸੂਫੀਆਂ ਦਾ ਕਲਾਮ ਅਤੇ ਅਜੋਕੇ ਬਹੁਤ ਸਾਤੇ ਪੰਜਾਬੀ ਕਵੀਆਂ ਦੀਆਂ ਰਚਨਾਵਾਂ ਨੂੰ ਜਿਸ ਅੰਦਾਜ਼ ਨਾਲ ਪਾਕਿਸਤਾਨ ਦੇ ਗਾਇਕਾਂ ਨੇ ਪੇਸ਼ ਕੀਤਾ ਹੈ ਉਹ ਆਪਣੇ ਆਪ ਵਿਚ ਬੇਮਿਸਾਲ ਤੇ ਲਾਜਵਾਬ ਹੈ।

ਪਾਕਿਸਤਾਨ ਵਿਚ ਅਜ ਜਿਨਾਂ ਵੀ ਸੰਗੀਤ ਪ੍ਰਫੁਲਤ ਹੋ ਰਿਹਾ ਹੈ ਉਸ ਦੀਆਂ ਜੜ੍ਹਾਂ ਭਾਰਤੀ ਕਲਾਸਕੀ ਸੰਗੀਤ ਵਿਚ ਹਨ। ਸੰਗੀਤ ਦੀ ਅਹਿਮੀਅਤ ਭਾਰਤੀ ਸੰਗੀਤ ਆਚਾਰੀਆਂ ਲਈ ਰੱਬੀ ਦਰਜੇ ਦੇ ਬਰਾਬਰ ਰਹੀ ਹੈ। ਸਵਰ ਤੇ ਲੈਅ ਦਾ ਵਸੀਕਰਣ ਕਿਸੇ ਦੇਵੀ ਸ਼ਕਤੀ ਦੇ ਵਸੀਕਰਣ ਤੋਂ ਘਟ ਨਹੀਂ ਸਮਝਿਆ ਗਿਆ।

ਪ੍ਰਾਚੀਨ ਕਾਲ ਵਿਚ ਇਸਲਾਮੀ ਕਲਚਰ ਵਿਚ ਸੰਗੀਤ ਨੂੰ ਉਹ ਸਥਾਨ ਪ੍ਰਾਪਤ ਨਹੀਂ ਸੀ ਜੋ ਭਾਰਤੀ ਕਲਚਰ ਵਿਚ ਹੈ। ਅਲਾਉਦੀਨ ਖਿਲਜੀ ਤੇ ਅਕਬਰ ਦੇ ਸਮੇਂ ਵਿਚ ਸੰਗੀਤ ਨੂੰ ਥੋੜਾ ਬਹੁਤ ਉਤਸ਼ਾਹ ਮਿਲਿਆ, ਪਰ ਔਰੰਗਜ਼ੇਬ ਨੂੰ ਪਤਾ ਨਹੀਂ ਸੰਗੀਤ ਨਾਲ ਕੀ ਦੁਸ਼ਮਣੀ ਸੀ ਕਿ ਉਹ ਸੰਗੀਤ ਨੂੰ ਖ਼ਤਮ ਕਰਨ ਉਤੇ ਬਜ਼ਿੱਦ ਸੀ। ਔਰੰਗਜ਼ੇਬ ਤੋਂ ਬਾਦ ਮੁਹੰਮਦ ਸ਼ਾਹ ਰੰਗੀਲੇ ਦੇ ਸਮੇਂ ਸੰਗੀਤ ਪ੍ਰਫੁਲਤ ਹੋਣਾ ਸ਼ੁਰੂ ਹੋਇਆ ਅਤੇ ਸਮਾਂ ਬੀਤਣ ਨਾਲ ਮੁਸਲਮਾਨਾਂ ਵਿਚ ਵੀ ਉਚ ਕੋਟੀ ਦੇ ਸੰਗੀਤਕਾਰ ਪੈਦਾ ਹੋਏ। 1947 ਦੀ ਵੰਡ ਤੋਂ ਪਹਿਲਾਂ ਬਹੁਤ ਸਾਰੇ ਮੁਸਲਮਾਨ ਗਾਇਕ ਹਿੰਦੁਸਤਾਨੀ ਗਾਇਕ ਅਖਵਾਉਂਦੇ ਸਨ, ਪਰ 1947 ਦੀ ਸਿਆਸੀ ਤੇ ਮਜ਼ਹਬੀ ਵੰਡ ਨੇ ਜਿਥੇ ਲੋਕਾਂ ਵਿਚ ਵਿਤਕਰੇ ਪਾਕੇ ਉਹਨਾਂ ਨੂੰ ਦਰਬਦਰ ਕੀਤਾ ਉਥੇ ਸੰਗੀਤ ਤੇ ਕਵਿਤਾ ਨੂੰ ਵੀ ਵੰਡਕੇ ਰਖ ਦਿਤਾ। ਦਰਅਸਲ ਹਿੰਦੁਸਤਾਨੀ ਤੇ ਪਾਕਿਸਤਾਨੀ ਸੰਗੀਤ ਇਕੋ ਹੀ ਕਲਚਰ ਦੀ ਉਪਜ ਹਨ, ਪਰ ਵੰਡ ਦੇ ਕਾਰਨ ਇਕ ਦੂਜੇ ਤੋਂ ਵਖ ਹੋ ਗਏ ਹਨ। ਇਸ ਵਖਰੇਪਨ ਤੇ ਪਾਕਿਸਤਾਨੀ ਗਾਇਕਾਂ ਨੂੰ ਪੂਰੀ ਤਰ੍ਹਾਂ ਮੌਲਣ ਤੇ ਵਿਗਸਣ ਦਾ ਵੀ ਮੌਕਾ ਦਿਤਾ ਹੈ। ਭਾਰਤੀ ਸੰਗੀਤ ਦੇ ਖ਼ੇਤਰ ਵਿਚ, ਖ਼ਿਆਲ ਗਾਇਕੀ, ਠੁਮਰੀ, ਗ਼ਜ਼ਲ ਗਾਇਕੀ ਮੁਸਲਮਾਨਾਂ ਦੀ ਹੀ ਦੇਣ ਹੈ ਜੋ ਕਿ ਸਮੂਹੇ ਸੰਗੀਤ ਜਗਤ ਲਈ ਫ਼ਖ਼ਰ ਦੀ ਗੱਲ ਹੈ।

ਪਾਕਿਸਤਾਨ ਦੇ ਅਜੋਕੇ ਗਾਇਕ ਇਕ ਵਖਰਾ ਰੰਗ ਤੇ ਨਵੇਕਲੀ ਅਦਾ ਰਖਦੇ ਹਨ, ਜੋ ਸੁਹਜ-ਸੁਆਦ ਦੇ ਤ੍ਰਿਹਾਇਆ ਲਈ ਸਾਮਾਨ ਮੁਹੱਈਆ ਕਰਦੇ ਰਹਿੰਦੇ ਹਨ। ਪਾਕਿਸਤਾਨ ਦੇ ਜਿੰਨੇ ਵੀ ਗਾਇਕ ਹਨ, ਭਾਵੇਂ ਉਹ ਕਲਾਸੀਕਲ, ਠੁਮਰੀ, ਗ਼ਜ਼ਲ ਲੋਕ ਗੀਤ ਕੁਝ ਵੀ ਗਾਉਂਦੇ ਹਨ ਉਸ ਵਿਚ ਉਹਨਾਂ ਦਾ ਆਪਣਾ ਕਲਚਰ ਤੇ ਸਭਿਆਚਾਰ ਝਲਕਾਂ ਮਾਰਦਾ ਹੈ। ਇਹ ਗਾਇਕ ਵਖ ਵਖ ਰੰਗਾਂ ਵਿਚ ਆਪਣੇ ਅਹਿਸਾਸਾਂ ਤੇ ਜਜ਼ਬਿਆਂ ਨੂੰ ਸੂਖਮ ਤੇ ਲਤੀਫ਼ ਸੁਰਾਂ ਵਿਚ ਸਮੇਟ ਕੇ ਇਕ ਖ਼ਾਸ ਕਿਸਮ ਦਾ ਮਾਹੌਲ ਪੈਦਾ ਕਰ ਦਿੰਦੇ ਹਨ। ਇਹਨਾਂ ਗਾਇਕਾਂ ਵਿਚ ਵੰਨਗੀ ਵੀ ਬਹੁਤ ਹੈ। ਜਿਸ ਖ਼ੂਬਸੂਰਤੀ ਨਾਲ ਇਹ ਕਲਾਸੀਕਲ ਗਾਉਂਦੇ ਹਨ ਉਸੇ ਮਹਾਰਤ ਨਾਲ ਗ਼ਜ਼ਲ ਠੁਮਰੀ ਤੇ ਲੋਕ ਗੀਤ ਵੀ ਗਾਉਂਦੇ ਹਨ। ਉਸਤਾਦ ਨਜ਼ਾਕਤ ਅਲੀ ਅਤੇ ਉਸਤਾਦ ਸਲਾਮਤ ਅਲੀ ਦੀਆਂ ਸੁਰੀਲੀਆਂ ਆਵਾਜ਼ਾਂ ਤੋਂ ਕਿਹੜਾ ਸੰਗੀਤ ਪ੍ਰੇਮੀ ਵਾਕਿਫ਼ ਨਹੀਂ। ਅੰਮ੍ਰਿਤਾ ਪ੍ਰੀਤਮ ਨੇ ਦਸੰਬਰ 1972 ਦੇ ਨਾਗਮਣੀ ਵਿਚ ਲੰਡਨ ਵਿਚ ਗੁਜ਼ਾਰੀ ਨਜ਼ਾਕਤ ਅਲੀ ਨਾਲ ਇਕ ਸ਼ਾਮ ਦਾ ਜ਼ਿਕਰ ਕਰਦਿਆਂ ਕਿਹਾ ਹੈ, 'ਆਵਾਜ਼ ਧਰਤੀ ਤੋਂ ਉਠੀ ਸੀ ਪਰ ਉਤਾਂਹ ਹੁੰਦੀ ਹੁੰਦੀ ਉਸ ਥਾਵੇਂ ਪਹੁੰਚ ਗਈ ਜਿਥੇ ਧਰਤੀ ਦੀ ਕਸ਼ਿਸ਼ ਕੁਝ ਉਰ੍ਹਾਂ ਰਹਿ ਜਾਂਦੀ ਹੈ ਤੇ ਅੰਬਰ ਦੀ ਖਿੱਚ ਕੁਝ ਪਰ੍ਹਾਂ, ਤੇ ਸਭ ਕੁਝ ਇਕ ਖਿਲਾਅ ਵਿਚ ਪੈਰ ਰਖਕੇ ਖਲੋ ਜਾਂਦਾ ਹੈ।' ਵਾਕਈ ਨਜ਼ਾਕਤ ਅਲੀ ਤੇ ਸਲਾਮਤ ਅਲੀ ਸੁਰ ਤੇ ਲੈ ਦੀ ਨਜ਼ਾਕਤ ਨੂੰ ਸਲਾਮਤ ਰਖਦੇ ਹੋਏ ਵਕਤ ਨੂੰ ਬੰਨ੍ਹ ਕੇ ਰਖ ਦਿੰਦੇ ਹਨ। ਰਾਗ ਪੂਰਵੀ, ਆਭੋਗੀ ਕਾਹਨੜਾ, ਕਲਾਵਤੀ ਤੇ ਠੁਮਰੀ ਭੈਰਵੀ ਗਾਉਂਦੇ ਸਮੇਂ ਇਨ੍ਹਾਂ ਮਹਾਨ ਗਾਇਕਾਂ ਦੇ ਗਲੇ ਵਿਚੋਂ ਜਿਸ ਤਰ੍ਹਾਂ ਮਧੁਰਤਾ ਤੇ ਕੋਮਲਤਾ ਨਾਲ ਸੁਰ ਫਲਕਦੇ ਹਨ। ਇਸ ਦਾ ਕੋਈ ਸੰਗੀਤ ਪ੍ਰੇਮੀ ਹੀ ਅੰਦਾਜ਼ਾ ਲਗਾ ਸਕਦਾ ਹੈ। ਨਜ਼ਾਕਤ ਅਲੀ ਅਤੇ ਸਲਾਮਤ ਅਲੀ ਦੇ ਗਲੇ ਇੰਨੇ ਸੁਲਝੇ ਹੋਏ ਤੇ ਪ੍ਰੋੜ੍ਹ ਹਨ ਕਿ ਜਿਨੀ ਮਰਜ਼ੀ ਦਰੁੱਤ ਲੈਅ ਵਿਚ ਚਲੇ ਜਾਣ ਸੁਰਾਂ ਦੀ ਖ਼ੂਬਸੂਰਤੀ ਨੂੰ ਚਮਕਾਈ ਰਖਦੇ ਹਨ। ਕਲਾਸੀਕਲ ਦੀ ਡੂੰਘੀ ਵਾਕਫ਼ੀਅਤ ਹੋਣ ਕਰਕੇ ਇਹ ਗਾਇਕ ਠੁਮਰੀ ਅਤੇ ਕਾਫ਼ੀ ਨੂੰ ਬਹੁਤ ਹੀ ਅਲੰਕ੍ਰਿਤ ਕਰਕੇ ਗਾਉਂਦੇ ਹਨ। ਬੁਲ੍ਹੇ ਸ਼ਾਹ ਦੀ ਇਹ ਕਾਫ਼ੀ :—

ਆਵੋ ਸਹੀਓ ਰਲ ਦਿਓ ਵਧਾਈ,
ਮੈਂ ਵਰ ਪਾਇਆ ਰਾਂਝਾ ਮਾਹੀ'

ਨੂੰ ਭੈਰਵੀ ਰਾਗ ਦੇ ਸੁਰਾਂ ਵਿਚ ਏਨੀ ਖ਼ੂਬਸੂਰਤੀ ਨਾਲ ਸਮੇਟਿਆ ਹੈ ਕਿ ਬਸ ਸੁਣਦਿਆਂ ਹੀ ਬਣਦੀ ਹੈ। ਅਖ਼ਤਰ ਅਲੀ ਅਤੇ ਜ਼ਾਕਿਰ ਇਨ੍ਹਾਂ ਦੇ ਹੀ ਦੋ ਛੋਟੇ ਭਰਾ ਹਨ, ਜੋ ਇਸੇ ਹੀ ਰੰਗ ਵਿਚ ਗਾਉਣ ਦਾ ਜਤਨ ਕਰਦੇ ਹਨ। ਇਨ੍ਹਾਂ ਨੇ ਵੀ ਕਈ ਪੰਜਾਬੀ ਗੀਤ ਤੇ ਠੁਮਰੀਆਂ ਗਾਈਆਂ ਹਨ। ਕਲਾਸੀਕਲ ਗਾਉਣ ਵਾਲਿਆਂ ਵਿਚੋਂ ਮਲਿਕਾ-ਇ-ਮੌਸੀਕੀ ਰੌਸ਼ਨ ਆਰਾ ਬੇਗਮ ਜ਼ਾਇਦਾ ਪ੍ਰਵੀਨ, ਸੁਰੱਈਆ ਮੁਲਤਾਨੀਕਰ, ਅਮਾਨਤ ਅਲੀ ਫ਼ਤਿਹ ਅਲੀ ਬੜੇ ਪ੍ਰਸਿੱਧ ਹਨ (ਪਿਛੇ ਜਿਹੇ ਉਸਤਾਦ ਅਮਾਨਤ ਅਲੀ ਦੀ ਮੌਤ ਹੋ ਗਈ ਹੈ, ਜਿਸ ਨਾਲ ਸਮੁੱਚੇ ਸੰਗੀਤ ਜਗਤ ਵਿਚ ਇਕ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ।)

ਗ਼ਜ਼ਲ ਉਰਦੂ ਸਾਹਿਤ ਅਤੇ ਫ਼ਾਰਸੀ ਸਾਹਿਤ ਦਾ ਇਕ ਪ੍ਰਸਿੱਧ ਤੇ ਮਕਬੂਲ ਕਾਵਿ ਰੂਪ ਹੈ। ਇਸ ਦਾ ਵਿਰਸਾ ਇਸਲਾਮੀ ਕਲਚਰ ਹੈ, ਜਿਸ ਕਰਕੇ ਉਰਦੂ ਅਤੇ ਫ਼ਾਰਸੀ ਸ਼ਬਦਾਂ ਦਾ ਸਹੀ ਉਚਾਰਣ ਕਰਨ ਵਾਲੇ ਮੁਸਲਮਾਨ ਹੀ ਇਸ ਨੂੰ ਖ਼ੂਬੀ ਨਾਲ ਗਾ ਸਕਦੇ ਹਨ। ਮਹਿਦੀ ਹਸਨ, ਗ਼ੁਲਾਮ ਅਲੀ, ਪ੍ਰਵੇਜ਼ ਮਹਿਦੀ, ਹੁਸੈਨ ਬਖ਼ਸ਼, ਇਜਾਜ਼ ਹੁਸੈਨ ਹਜ਼ਰਵੀ, ਫ਼ਰੀਦਾ ਖ਼ਾਨਮ, ਇਕਬਾਲ ਬਾਨੋ, ਖ਼ੁਰਸ਼ੀਦ ਬੇਗਮ, ਮਲਿਕਾ ਪੁਖਰਾਜ ਆਦਿ ਨੇ ਜਿਨ੍ਹਾਂ ਸ਼ਾਇਰਾਂ ਦੀਆਂ ਗ਼ਜ਼ਲਾਂ ਗਾਈਆਂ ਹਨ ਉਹ ਪੂਰੀ ਤਰ੍ਹਾਂ ਜਜ਼ਬਾਤ ਦੀਆਂ ਗਹਿਰਾਈਆਂ ਵਿਚ ਡੁੱਬ ਕੇ ਗਾਈਆਂ ਹਨ ਉਸਨੂੰ ਪੂਰੀ ਤਰ੍ਹਾਂ ਜਜ਼ਬਾਤ ਦੀਆਂ ਗਹਿਰਾਈਆਂ ਵਿਚ ਡੁੱਬ ਕੇ ਗਾਇਆ ਹੈ।

ਮਹਿਦੀ ਹਸਨ ਨੂੰ ਅਗਰ ਗ਼ਜ਼ਲ ਗਾਇਕੀ ਦਾ ਬਾਦਸ਼ਾਹ ਕਿਹਾ ਜਾਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਆਧੁਨਿੱਕ ਗਜ਼ਲ ਗਾਇਕੀ ਵਿਚ ਮਹਿਦੀ ਹਸਨ ਨੇ ਜੋ ਨਵਾਂ ਅੰਦਾਜ਼ ਲਿਆਂਦਾ ਹੈ ਉਸ ਤੋਂ ਪਾਕਿਸਤਾਨ ਦੇ ਗਾਇਕ ਤਾਂ ਮੁਤਾਸਰ ਹੋਣੇ ਹੀ ਸਨ, ਹਿੰਦੁਸਤਾਨ ਦੇ ਗ਼ਜ਼ਲ ਗਾਇਕ ਵੀ ਪ੍ਰਭਾਵਤ ਹੋਏ ਹਨ। ਜਗਜੀਤ ਸਿੰਘ, ਯੂਨਸ ਮਲਿਕ; ਮੁਹੰਮਦ ਯਾਕੂਬ ਤੇ ਮਹੇਸ਼ ਚੰਦਰ ਅਤੇ ਬੇਲਾ ਸਾਬਿਰ ਆਦਿ ਮਹਿਦੀ ਹਸਨ ਦੀ ਹੀ ਰਵਿਸ਼ ਉੱਤੇ ਗਾਉਂਦੇ ਹਨ। ਮਹਿਦੀ ਹਸਨ ਨੂੰ ਕਲਾਸੀਕਲ ਦੀ ਡੂੰਘੀ ਸੂਝ ਹੈ, ਜਿਸ ਕਰਕੇ ਉਸ ਦੀਆਂ ਗ਼ਜ਼ਲਾਂ ਵਿਚ ਕਲਾਸਕੀ ਰਾਗਾਂ ਦੀ ਛਾਇਆ, ਵੀ ਨਜ਼ਰ ਆਉਂਦੀ ਹੈ। ਅਹੀਰ ਭੈਰਵ, ਭੱਟਿਯਾਰ, ਤੇ ਭੈਰਵੀ ਰਾਗਾਂ ਨੂੰ ਮਿਲਾ ਜੁਲਾ ਕੇ ਮਹਿਦੀ ਹਸਨ ਨੇ ਕਈ ਗਜ਼ਲਾਂ ਨੂੰ ਬਹੁਤ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤਾ ਹੈ। ਮਹਿਦੀ ਹਸਨ ਦੀ ਅਵਾਜ਼ ਬੜੀ ਗ਼ਹੀਰ ਤੇ ਗੰਭੀਰ ਹੈ ਜੋ ਦਿਲਾਂ ਨੂੰ ਧੂ ਪਾਉਂਦੀ ਹੈ। ਇਸੇ ਕਰਕੇ ਲਤਾ ਮੰਗੇਸ਼ਕਰ ਨੇ ਮਹਿਦੀ ਹਸਨ ਬਾਰੇ ਕਿਹਾ ਸੀ ਕਿ ਇਸ ਵਿਚ ਭਗਵਾਨ ਆਪ ਬੋਲਦਾ ਹੈ। ਜਜ਼ਬਾਤ ਦੀ ਗਹਿਰਾਈ ਤਕ ਪੁਜ ਕੇ ਗ਼ਜ਼ਲ ਦੇ ਸ਼ਿਆਰਾਂ ਦੀ ਸੁਰ ਤੇ ਲੈਅ ਵਿਚ ਠੀਕ ਅਦਾਇਗੀ ਨਾਲ ਮਹਿਦੀ ਹਸਨ ਬੜਾ ਪ੍ਰਭਾਵਸ਼ਾਲੀ ਵਾਤਾਵਰਣ ਪੈਦਾ ਕਰਦਾ ਹੈ। ਉਰਦੂ ਦੇ ਪ੍ਰਸਿਧ ਸ਼ਾਇਰਾਂ, ਜਿਵੇਂ ਗਾਲਿਬ, ਮੀਰ, ਜ਼ੌਕ, ਮੋਮਿਨ, ਦਾਗ਼, ਇਕਬਾਲ ਤੇ ਫ਼ੈਜ਼ ਅਹਿਮਦ ਦੀਆ ਗ਼ਜ਼ਲਾਂ ਨੂੰ ਜਿਸ ਤਰ੍ਹਾਂ ਪੇਸ਼ ਕੀਤਾ ਹੈ ਉਹ ਸਦੀਵੀ ਤੌਰ ਤੇ ਲੋਕਾਂ ਦੀ ਸੁਹਜ ਤ੍ਰਿਪਤੀ ਦਾ ਕਾਰਨ ਬਣਿਆ ਰਹੇਗਾ। ਹੇਠ ਲਿਖੀਆਂ ਮਹਿਦੀ ਹਸਨ ਦੀਆਂ ਗਾਈਆਂ ਹੋਈਆਂ ਪ੍ਰਸਿਧ ਗ਼ਜ਼ਲਾਂ ਹਨ :—



( ਰੇਸ਼ਮਾਂ )

'ਆ ਕੇ ਮਜਾਦਾ ਨਸ਼ੀਂ ਕੈਸ ਹੂਆ ਮੇਰੇ ਬਾਦ ।
ਨਾ ਰਹੀ ਦਸ਼ਤ ਮੇਂ ਖ਼ਾਲੀ ਕੋਈ ਜਾ ਮੇਰੇ ਬਾਦ ।'—'ਮੀਰ'
ਦੇਖ ਤੋ ਦਿਲ ਕਿ ਜਾਂ ਸੇ ਉਠਤਾ ਹੈ;
ਯੇਹ ਧੂੰਆਂ ਸਾ ਕਹਾਂ ਸੇ ਉਠਤਾ ਹੈ । 'ਮੀਰ'
'ਨ ਗੰਵਾਓ ਨਾਵ ਕਿ-ਨੀ ਮਕਸ਼ ਦਿਲਿ ਰੇਜ਼ਾ ਰੇਜ਼ਾ
ਗੰਵਾ ਦੀਆ ।
ਜੋ ਬਚੇ ਹੈਂ ਸੰਗ ਸਮੇਟ ਤਨਿ-ਦਾਗ ਦਾਗ
ਲੁਟਾ ਦੀਆ ।' 'ਫ਼ੈਜ਼'
'ਰੰਗ ਪੈਰਾਹਨ ਕਾ ਖ਼ੁਸ਼ਬੂ ਜ਼ੁਲਫ ਲਹਿਰਾਨੇ ਕਾ ਨਾਮ ।'
ਮੌਸਮਿ-ਗੁਲ ਹੈ ਤੁਮਹਾਰੇ ਬਾਮ ਪਰ ਆਨੇ ਕਾ ਨਾਮ ।'
'ਫ਼ੈਜ਼'
'ਅਰਜ਼ਿ-ਨਿਯਾਜ਼ਿ-ਇਸ਼ਕ ਕੇ ਕਾਬਿਲ ਨਹੀਂ ਰਹਾ ।
ਜਿਸ ਦਿਲ ਪੇ ਨਾਜ਼ ਥਾ ਮੁਝੇ ਵੋ ਦਿਲ ਨਹੀਂ ਰਹਾ ।'
'ਗਾਲਿਬ'

ਮਹਿਦੀ ਹਸਨ ਦੀਆਂ ਇਨ੍ਹਾਂ ਗਜ਼ਲਾਂ ਵਿਚ ਮਨੁੱਖ ਨੂੰ ਟਰਾਂਸਫਾਰਮ ਕਰਨ ਦੀ ਸ਼ਕਤੀ ਹੈ । ਇਹ ਸੁਣਦਿਆਂ ਹੀ ਮਨੁਖ ਦੁਨੀਆਂ ਦੇ ਝਮੇਲਿਆਂ ਝਗੜਿਆਂ ਤੋਂ ਇਕ ਵਾਰਗੀ ਮੁਕਤ ਹੋਇਆ ਮਹਿਸੂਸ ਕਰਦਾ ਹੈ । ਮਹਿਦੀ ਹਸਨ ਨੇ ਪੰਜਾਬੀ ਵਿਚ ਵੀ ਬੜੇ ਮਿਠੇ ਤੇ ਦਰਦੀਲੇ ਗੀਤ ਗਾਏ ਹਨ ।

'ਘੁੰਡ ਮੁੱਖੜੇ 'ਤੋਂ ਲਾ ਓ ਯਾਰ' ਅਤੇ
'ਝੂਠਾ ਜਗ ਦਾ ਪਿਆਰ ਬੰਦੇ ।'

ਲੋਕ ਗੀਤ ਸੁਣ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਅਵਾਜ਼ ਵਿਚ ਕਿੰਨਾ ਪਿਆਰ ਤੇ ਦਰਦ ਲੁਕਿਆ ਹੈ ।

ਗੁਲਾਮ ਅਲੀ ਇਕ ਹੋਰ ਪ੍ਰਸਿਧ ਪੰਜਾਬੀ ਗਾਇਕ ਹੈ । ਗਜ਼ਲ ਗਾਉਣ ਵਿਚ ਮਹਿਦੀ ਹਸਨ ਦਾ ਹਮਪੱਲਾ ਹੈ । ਗੁਲਾਮ ਅਲੀ ਦੀ ਅਵਾਜ਼ ਪ੍ਰਭਾਵਸ਼ਾਲੀ ਤੇ ਮਿਠੀ ਹੈ ।

ਉਰਦੂ ਦੇ ਸ਼ਾਇਰਾਂ, ਜਿਵੇਂ ਮੀਰ, ਮੋਮਿਨ, ਤੇ ਗ਼ਾਲਿਬ, ਦੀਆਂ ਬਹੁਤ ਸਾਰੀਆਂ ਗਜ਼ਲਾਂ ਗ਼ੁਲਾਮ ਅਲੀ ਨੇ ਗਾਈਆਂ ਹਨ । ਪੰਜਾਬੀ ਵਿਚ ਹੀਰ ਗਾਉਣ ਦਾ ਅੰਦਾਜ਼ ਵੀ ਗ਼ੁਲਾਮ ਅਲੀ ਦਾ ਨਿਰਾਲਾ ਹੈ । ਪਾਕਿਸਤਾਨ ਦੇ ਅਜੋਕੇ ਉਸਤਾਦ ਸ਼ਾਇਰ ਸੂਫ਼ੀ ਤਬੱਸਮ ਨੇ ਗਾਲਿਬ ਦੀ ਫਾਰਸੀ ਵਿਚ ਇਕ ਗਜ਼ਲ ਨੂੰ ਪੰਜਾਬੀ ਰੂਪ ਦਿੱਤਾ ਹੈ ਜਿਸ ਨੂੰ ਗੁਲਾਮ ਅਲੀ ਨੇ ਬੜੇ ਹੀ ਮਿਠੜੇ ਪਿਆਰੇ ਅੰਦਾਜ਼ ਨਾਲ ਗਾਇਆ ਹੈ ।

ਮੇਰੇ ਸ਼ੌਕ ਦਾ ਨਹੀਂ ਇਤਬਾਰ ਤੈਨੂੰ
ਅ'ਜਾ ਵੇਖ ਮੇਰਾ ਇੰਤਜ਼ਾਰ ਆ ਜਾ ... ...
ਐਵੇਂ ਲੜਨ ਬਹਾਨੇ ਲਭਣਾ ਏਂ,
ਕੀ ਤੂੰ ਸੋਚਨਾ ਏਂ ਸਿਤਮਗਾਰ ਆ ਜਾ ।'

ਗ਼ੁਲਾਮ-ਅਲੀ ਦੇ ਮੂੰਹੋਂ ਇਹ ਸੁਣ ਕੇ ਪੰਜਾਬੀ ਬੋਲੀ ਦੀ ਮਿਠਾਸ ਦਾ ਰਸ ਛਾ ਜਾਂਦਾ ਹੈ ।

ਪ੍ਰਵੇਜ਼ ਮਹਿਦੀ ਤੇ ਹੁਸੈਨ ਬਖਸ਼ ਦੋ ਹੋਰ ਅਜਿਹੇ ਗਾਇਕ ਹਨ ਜੋ ਉਰਦੂ ਤੇ ਪੰਜਾਬੀ ਗਜ਼ਲਾਂ ਤੇ ਗੀਤ ਗਾਉਂਦੇ ਹਨ । ਪ੍ਰਵੇਜ਼ ਮਹਿਦੀ ਦੇ ਪੰਜਾਬੀ ਲੋਕ ਗੀਤ ਬੜੇ ਰਸੀਲੇ ਹਨ । ਉਸ ਦਾ ਇਕ ਪ੍ਰਸਿਧ ਗੀਤ ਹੈ ਜੋ ਲੋਕ ਕਵੀ ਮਨਜ਼ੂਰ ਝੱਲਾ ਦਾਂ ਲਿਖਿਆ ਹੋਇਆ ਹੈ—

'ਤੱਕ ਪੱਤਰੀ ਵਾਲਿਆ ਲੇਖ ਮੇਰੇ,
ਮੇਰੇ ਹੱਥ ਵਿਚ ਜਿੰਨੀਆਂ ਲੀਕਾਂ ਨੇ ।
ਮੇਰੇ ਦਿਲ ਦਾ ਮਹਿਰਮ ਆਵੇਗਾ
ਯਾ ਹਾਲੀ ਹੋਰ ਉਡੀਕਾਂ ਨੇ ।'

ਬਹੁਤ ਹੀ ਪਿਆਰਾ ਗੀਤ ਹੈ ।

ਫਰੀਦਾ ਖ਼ਾਨਮ ਤੇ ਇਕਬਾਲ ਬਾਨੋ ਦੀਆਂ ਗਜ਼ਲਾਂ ਤੇ ਪੰਜਾਬੀ ਗੀਤਾਂ ਦਾ ਆਪਣਾ ਹੀ ਰੰਗ ਹੈ । ਇਹਨਾਂ ਦੋਹਾਂ ਗਾਇਕਾਵਾਂ ਦੀਆਂ ਅਵਾਜ਼ਾਂ ਵਿਚ ਉਰਦੂ ਲਬੋ-ਲਹਿਜੇ ਦੀ ਪੁਖਤਗੀ ਤੇ ਸਪਸ਼ਟਤਾ ਹੈ । ਜਦੋਂ ਫਰੀਦਾ ਖਾਨਮ ਜਾ ਇਕਬਾਲ ਬਾਨੋ ਗਜ਼ਲ ਗਾਉਂਦੀ ਹੈ ਤਾਂ ਇਨ੍ਹਾਂ ਦੇ ਗਲਿਆਂ ਵਿਚ ਮੁਸਲਮਾਨੀ ਕਲਚਰ ਵੀ ਝਾਕਦਾ ਹੈ । ਇਕਬਾਲ ਬਾਨੋ ਦੀ ਅਵਾਜ਼ ਵਿਚ ਵੀ ਫਰੀਦਾ ਖਾਨਮ ਵਰਗੀਆਂ ਖੂਬੀਆਂ ਹਨ । ਪਰ ਇਸ ਦਾ ਆਪਣਾ ਵਖਰਾ ਨਵੇਕਲਾ ਰੰਗ ਵੀ ਹੈ । ਮਧੁਰਤਾ ਮਿਠਾਸ ਤੇ ਸ਼ਗੁਫਤਗੀ ਇਸ ਦੀ ਅਵਾਜ਼ ਦੀ ਵੱਡੀ ਖੂਬੀ ਹੈ । ਇਕਬਾਲ ਬਾਨੋ ਨੇ ਠੁਮਰੀ, ਗਜ਼ਲ ਤੇ ਪੰਜਾਬੀ ਲੋਕ ਗੀਤ ਗਾਏ ਹਨ । ਉਰਦੂ ਦੇ ਪ੍ਰਸਿਧ ਸ਼ਾਇਰਾਂ ਦੇ ਕਲਾਮ ਤੋਂ ਇਲਾਵਾ ਇਕਬਾਲ ਬਾਨੋ ਤੇ ਫ਼ਾਰਸੀ ਦੇ ਪ੍ਰਸਿਧ ਸ਼ਾਇਰਾਂ, ਜਿਵੇਂ ਹਾਫਿਜ਼, ਸਾਅਦੀ ਤੇ ਫ਼ੈਜ਼ੀ ਦੀਆਂ ਗਜ਼ਲਾਂ ਨੂੰ ਵੀ ਬੜੇ ਅਨੂਠੇ ਢੰਗ ਨਾਲ ਪੇਸ਼ ਕੀਤਾ ਹੈ ।

ਮਲਿਕਾ ਪੁਖਰਾਜ ਦੀ ਅਵਾਜ਼ ਤੋਂ ਤਕਰੀਬਨ ਹਰ ਇਕ ਗਜ਼ਲ ਸੁਨਣ ਦਾ ਸ਼ੌਕੀਨ ਵਾਕਿਫ਼ ਹੈ । ਹਫੀਜ਼ ਜਲੰਧਰੀ ਦੀ ਇਹ ਨਜ਼ਮ 'ਅਭੀ ਤੋ ਮੈਂ ਜਵਾਨ ਹੂੰ ।' ਗਾਉਣ ਵਾਲੀ ਗਾਇਕਾ ਵੀ ਪਾਕਿਸਤਾਨੀ ਗਾਇਕਾਂ ਦੀ ਸਫ਼ ਵਿਚ ਜਾ ਖੜੀ ਹੋਈ ਹੈ । ਗਜ਼ਲਾਂ ਤੋਂ ਇਲਾਵਾ ਪਹਾੜੀ ਗੀਤ ਗਾਉਣ ਵਿਚ ਮਲਿਕਾ ਪੁਖਰਾਜ ਆਪਣਾ ਸਾਨੀ ਨਹੀਂ ਰਖਦੀ । ਚੰਬੇ ਦੇ ਇਲਾਕੇ ਦੇ ਪਹਾੜੀ ਲੋਕ ਗੀਤ ਜਿਸ ਖੂਬਸੂਰਤੀ ਨਾਲ ਮਲਿਕਾ ਪੁਖਰਾਜ ਨੇ ਗਾਏ ਹਨ ਉਸ ਤਰ੍ਹਾਂ ਅਜੇ ਤਕ ਕੋਈ ਨਹੀਂ ਗਾ ਸਕਿਆ—ਉਸ ਦਾ ਪਹਾੜੀ ਗੀਤ—ਪਲ ਪਲ ਬਹੀ ਜਾਣਾ ਹੋ, ਸੁਣ ਕੇ ਹੀ ਇਸ ਗਲ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ । ਮਲਿਕਾ ਪੁਖਰਾਜ ਦੀ ਲੜਕੀ ਤਾਹਿਰਾ ਸਈਅਦ ਵੀ ਆਪਣੀ ਮਾਂ ਵਾਂਗ ਪਹਾੜੀ ਗੀਤ ਗਾਉਂਦੀ ਹੈ । ਉਸ ਦੇ ਪੰਜਾਬੀ ਲੋਕ ਗੀਤ ਵੀ ਬੜੇ ਪ੍ਰਸਿਧ ਹਨ ਜਿਵੇਂ ;—

ਅੱਲਾ ਹੀ ਅੱਲਾ ਕਰਿਆ ਕਰੋ
ਖਾਲੀ ਦਮ ਨਾ ਭਰਿਆਂ ਕਰੋ ।'

ਬਹੁਤ ਹੀ ਪ੍ਰਸਿਧ ਗੀਤ ਹੈ ।

ਪਾਕਿਸਤਾਨੀ ਗਾਇਕਾਂ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਜਿਥੇ ਉਹ ਗਲੇ ਦੀ ਖੂਬਸੂਰਤੀ ਤੇ ਸੁਰ ਦੀ ਲੈਅ ਦਾ ਪੂਰਾ ਪੂਰਾ ਖਿਆਲ ਰਖਦੇ ਹਨ ਉਥੇ ਉਹਨਾਂ ਨੇ ਸ਼ਾਇਰੀ ਦੇ ਮਿਆਰ ਦਾ ਵੀ ਪੂਰਾ ਪੂਰਾ ਖਿਆਲ ਰਖਿਆ ਹੈ । ਆਪਣੇ ਗੀਤਾਂ ਰਾਹੀਂ ਪਾਕਿਸਤਾਨੀ ਗਾਇਕਾਂ ਨੇ ਆਪਣੀ ਬੋਲੀ, ਸਾਹਿਤ ਤੇ ਸਭਿਆਚਾਰ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਲੋਕਾਂ ਦੇ ਸਾਹਮਣੇ ਪੇਸ਼ ਕੀਤਾ ਹੈ । ਪੰਜਾਬੀ ਬੋਲੀ ਤੇ ਕਵਿਤਾ ਦੀ ਸ਼ਰੀਨੀ ਤੇ ਮਿਠਾਸ ਦਾ ਜੋ ਸੁਆਦ ਪਾਕਿਸਤਾਨੀ ਗਾਇਕਾਂ ਨੇ ਲੋਕਾਂ ਦੇ ਦਿਲਾਂ ਤਕ ਪਹੁੰਚਾਇਆ ਹੈ ਉਸ ਨਾਲ ਸਾਡੇ ਇਧਰ ਦੇ ਪੰਜਾਬੀ ਗਾਇਕਾਂ ਦਾ ਦੂਰ ਦਾ ਵੀ ਵਾਸਤਾ ਨਹੀਂ । ਰੇਡੀਓ ਜਲੰਧਰ ਤੋਂ ਅਸੀਂ ਰੋਜ਼ ਜੋ ਪੰਜਾਬੀ ਗੀਤ ਸੁਣਦੇ ਹਾਂ ਉਹਨਾਂ ਦੀਆਂ ਤਰਜ਼ਾਂ ਤੇ ਗਾਉਣ ਢੰਗ ਬੜਾ ਹੀ ਨਾਕਿਸ ਤੇ ਘਟੀਆ ਕਿਸਮ ਦਾ ਹੁੰਦਾ ਹੈ । ਸਾਡੇ ਪੰਜਾਬ ਦੇ ਗਾਉਣ ਵਾਲੇ ਪੰਜਾਬੀ ਬੋਲੀ ਦੀ ਮਿਠਾਸ ਤੇ ਪੰਜਾਬੀ ਸਭਿਆਚਾਰ ਤੋਂ ਬਿਲਕੁਲ ਕੋਰੇ ਜਾਪਦੇ ਹਨ । ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੀਆਂ ਅਵਾਜ਼ਾਂ ਵਿਚੋਂ ਕੁਝ ਹੱਦ ਤਕ ਪੰਜਾਬੀ ਕਲਚਰ ਝਲਕਦਾ ਹੈ ਪਰ ਇਹ ਉਸ ਤਰ੍ਹਾਂ ਦਿਲ ਨੂੰ ਧੂਹ ਨਹੀਂ ਪਾਉਂਦਾ ਜਿਵੇਂ ਪਾਕਿਸਤਾਨ ਦੇ ਗਾਇਕਾਂ ਵਿਚ ਹੈ । ਪਾਕਿਸਤਾਨ ਦੇ ਪੰਜਾਬੀ ਗਾਇਕਾਂ ਨੇ ਪੰਜਾਬ ਦੇ ਲੋਕ ਗੀਤ ਪੰਜਾਬ ਦੀਆਂ ਲੋਕ ਦਾਸਤਾਨਾਂ, ਕਿੱਸੇ, ਵਾਰਾਂ ਤੇ ਸੂਫੀ ਕਵੀਆਂ ਦੇ ਆਰਫਾਨਾਂ ਕਲਾਮ ਨੂੰ ਏਨੇ ਸੁਚੱਜੇ ਢੰਗ ਨਾਲ ਗਾਇਆ ਹੈ ਕਿ ਉਹ ਆਪ ਸੁਚੇ ਤੇ ਸੱਚੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੋ ਨਿਬੜਦੀ ਹੈ ।

ਲੋਕ ਗੀਤ ਗਾਉਣ ਵਾਲਿਆਂ ਦੀ ਸਿਰਤਾਜ ਰੇਸ਼ਮਾਂ ਇਕ ਅਜਿਹੀ ਗਾਇਕਾ ਹੈ ਜਿਸ ਦੀ ਅਵਾਜ਼ ਪੰਜਾਬ ਦੀਆਂ ਬਾਰਾਂ ਤੇ ਰੋਹੀਆਂ ਵਿਚ ਦੀ ਗੂੰਜਦੀ ਹੋਈ ਬਿਰਹਾ ਦੀ ਹੂਕ ਹੈ. ਪਿਆਰ ਦੀ ਕੂਕ ਹੈ । ਰੇਸ਼ਮਾ ਦੀ ਅਵਾਜ਼ ਵਿਚ ਇਕ ਜਾਦੂ ਹੈ, ਟੂੰਣਾ ਹੈ, ਇਸ ਟੂਣੇਹਾਰੀ ਆਵਾਜ਼ ਨਾਲ ਜੋ ਵੀ ਇਕ ਵਾਰ ਆਸ਼ਨਾ ਹੋ ਗਿਆ ਉਹ ਜ਼ਿੰਦਗੀ ਦੀ ਬਹੁਤ ਵੱਡੀ ਨਿਹਮਤ ਪਾ ਗਿਆ । ਰੇਸ਼ਮਾਂ ਦੀ ਅਵਾਜ਼ ਦਰਦ ਫਿਰਾਕ ਦੀ ਕਹਾਣੀ ਬਿਆਨ ਕਰਦੀ ਹੋਈ ਹਿਜ਼ਰ ਦੇ ਲੂਹਿਆਂ ਨੂੰ ਠਾਰਨ ਦਾ ਕੰਮ ਕਰਦੀ ਹੈ, ਜਦੋਂ ਉਹ ਪੁਰਸੋਜ਼ ਝੰਜੋੜਨ ਵਾਲੀ ਅਵਾਜ਼ ਵਿਚ ਹੇਕ ਲਾ ਕੇ ਗਾਉਂਦੀ ਹੈ :—

'ਸ਼ਹਿਰ ਭੰਭੋਰ ਦੀਓ ਕੁੜੀਓ
ਤੁਸੀਂ ਨੱਕ ਵਿਚ ਨੱਥ ਨਾ ਪਾਈਓ
ਉਂਜ ਮੈਂ ਭੁੱਲ ਗਈ ਆਂ, ਤੁਸੀਂ ਭੁੱਲ ਨਾ ਜਾਇਓ,
ਯਾਰੀ ਨਾਲ ਬਲੋਚ ਨਾ ਲਾਇਓ,
ਹਾਏ, ਓ ਰੱਬਾ ਨਹੀਂ ਲੱਗਦਾ ਦਿਲ ਮੇਰਾ,
ਸੱਜਣਾ ਬਾਝ ਹੋਇਆ ਹਨੇਰਾ ।'

ਤਾਂ ਸਿੱਧੀ ਦਿੱਲਾਂ ਵਿਚ ਖੁੱਭ ਜਾਂਦੀ ਹੈ । ਖਾਨਾਬਦੋਸ਼ ਹੋਣ ਕਰ ਕੇ ਰੇਸ਼ਮਾਂ ਨੂੰ ਜ਼ਿੰਦਗੀ ਦੀ ਬੇਸਬਾਤੀ ਤੇ ਨਾਪਾਇਦਾਰੀ ਦਾ ਪੂਰਾ ਅਹਿਸਾਸ ਹੈ । ਇਸੇ ਕਰਕੇ ਉਸ ਦੇ ਗੀਤਾਂ ਵਿਚ ਦਰਦ ਤੇ ਪੀੜਾਂ ਦਾ ਸਵਰ ਵਧੇਰੇ ਟੁਣਕਦਾ ਹੈ । ਪਾਕਿਸਤਾਨ ਦੇ ਲੋਕ ਕਵੀ ਮਨਜ਼ੂਰ ਝੱਲਾ ਦੇ ਬਹੁਤ ਸਾਰੇ ਗੀਤ ਰੇਸ਼ਮਾਂ ਦਾ ਸਰਮਾਇਆ ਹਨ, ਜਿਨ੍ਹਾਂ ਨੂੰ ਉਹ ਬੜੇ ਸ਼ੌਕ ਤੇ ਵਿਰਾਗਮਈ ਢੰਗ ਨਾਲ ਗਾਉਂਦੀ ਹੈ । ਬੁਲ੍ਹੇ ਸ਼ਾਹ ਅਤੇ ਗ਼ੁਲਾਮ ਫ਼ਰੀਦ ਦੀਆਂ ਕਾਫ਼ੀਆਂ ਗਾਉਣ ਵਿਚ ਵੀ ਰੇਸ਼ਮਾ ਦੁਨੀਆਂ ਦੀ ਬੇਸਬਾਤੀ ਤੇ ਨਾਪਾਇਦਾਰੀ ਦਾ ਡੂੰਘਾ ਪ੍ਰਭਾਵ ਪਾਉਂਦੀ ਹੈ ।

CONGRATULATIONS & BEST WISHES TO

THE WATNO DUR

ON COMPLETION OF TWO YEARS

FROM

# DALJIT SIDHU



MEMBER
DIAMOND CLUB
&

Top salesman
Delta office
1973 &
again for
1974.

ਡਾਇਮੰਡ-ਕਲੱਬ
ਦੇ ਮੈਂਬਰ
ਅਤੇ
1973 ਤੇ 1974
ਵਿੱਚ ਡੈਲਟਾ
ਆਫ਼ਿਸ ਦੇ
ਸਰਵੋਤਮ
ਸ਼ੇਲਜਮੈਨ

Who has been serving your real estate need
for the last four years.

Office:
581-4601
Residence
596-9062
596-2666

BB BLOCK BROS. REALTY LTD.

9360 – 120th Street, Surrey, B. C.

---

# Congratulations & Best Wishes to THE WATNO DUR

ON COMPLETION OF (2) YEARS

FROM

## ਗਿੱਲ ਇਨਸੋਅਰੈਂਸ ਸਰਵਿਸਜ਼ ਕੰਪਨੀ ਲਿਮਿਟਡ

( ਸੁਰਜੀਤ ਗਿੱਲ )

AUTO — FIRE — LIFE

B—3905 Knight Street
at Kingsway)
Vancouver, B.C.

Off. 879-5522 Res. 434-7757

---

BLOCK BB BROS.

BLOCK BROS. REALTY LTD.
A DIVISION OF BLOCK BROS. INDUSTRIES LTD.
9360 - 120 Street, Surrey, B.C.
581-4601



Darshan Uppal
Res.: 594-8758

ਹਰ ਤਰ੍ਹਾਂ ਦੀ ਜਾਇਦਾਦ ਖ਼ਰੀਦਣ ਜਾਂ ਵੇਚਣ ਲਈ ਤੁਹਾਡੇ
ਨੇਕ ਸਹਾਇਕ

## ਦਰਸ਼ਨ ਉੱਪਲ

581-4601 594-8758

CONGRATULATIONS & BEST WISHES TO

# The Watno Dur

ON COMPLITION OF ② YEARS

FROM

**Your Favourite Hindi and Punjabi Radio Program**
**INDIA TODAY AND TOMORROW**
on
**KERI FM STEREO 104.3 mHz**
**Cablevision 90.7 FM**

## Sponsored By

## INDIA NEWS AND VIEWS

PUBLICATION SERVING NORTH AMERICA SINCE 1954

OFFICE:
2202 Main Street
Vancouver, B.C.
Canada

TELEPHONE:
873-3878 - 9

MAILING ADDRESS:
P.O. Box 24658
Vancouver, B.C. V5T 4E2
Canada

# Congratulations & Best Wishes to THE WATNO DUR

ON COMPLETION OF (2) YEARS

FROM

# HIMALAYA RESTAURANT

LICENSED PREMISES

## 2313 Main Street, Vancouver, B.C.

## Phone: 876-2911

**WHERE YOU CAN GET:**

LAMB CURRY, BEEF CURRY, PRAWN CURRY,

GOAT MEAT (SPECIAL), VEGETABLES, SAMOSAS,

PUREE CHHOLLAY, LASSI, DAHEEN (CURD),

GULAB JAMAN, BARFEE, BAESAN AND GAJRELA.

# ਹਿਮਾਲੀਆ ਰੈਸਟੋਰੈਂਟ

ਜਿੱਥੇ

* ਹਰ ਕਿਸਮ ਦੀਆਂ ਤਾਜ਼ੀਆਂ ਸੁਆਦੀ ਪੰਜਾਬੀ ਮਠਿਆਈਆਂ ਹਰ ਵਕਤ ਤਿਆਰ ਮਿਲਦੀਆਂ ਹਨ !
* ਹਰ ਕਿਸਮ ਦੀ ਵਿਸਕੀ, ਵਾਈਨ ਅਤੇ ਬੀਅਰ ਵੀ ਮਿਲਦੀ ਹੈ !!
* ਵਿਆਹ ਸ਼ਾਦੀਆਂ ਵਿੱਚ INDOOR ਤੇ OUTDOOR ORDERS ਅਤੇ ਵੱਡੇ ਪੈਮਾਨੇ ਤੇ ਮਠਿਆਈ ਵੀ ਤਿਆਰ ਕੀਤੀ ਜਾਂਦੀ ਹੈ !!!

**Congratulations & Best Wishes to**

**THE WATNO DUR**

**ON COMPLETION OF (2) YEARS**

**FROM**

# DEEP TRAVELS

8163-MAIN STREET
VANCOUVER, B.C.

P.S. HUNDAL
H.S. SANDHU

PHONE:
327-3158

**Congratulations & Best Wishes to**

**THE WATNO DUR**

**ON COMPLETION OF (2) YEARS**

**FROM**

# KARNAIL S. NAGRA

THE CANADA LIFE ASSURANCE COMPANY
310 - 6TH STREET
NEW WESTMINSTER, B.C.

OFF: 524-2272 RES. 327-3579

**CONGRATULATIONS AND BEST WISHES TO**

**THE WATNO DUR**

**on completion of (2) years from**

AMARJIT S. GILL of BLOCK BROS REALTORS

PHONE:
**Res. 278-5443**
**OFF. 321-6881**

BUY SELL TRADE

Real Estate

- LOTS
- HOUSES
- ACREAGE

**CONGRATULATIONS AND BEST WISHES TO**

**THE WATNO DUR**

**on completion of (2) years from**

# SANDEEP STUDIO

**8157 Main Street**
**at Marine Drive**

TELEPHONE: 324-4727 325-9255

**FOR ANY KIND OF**

**Photography**

**REMEMBER !!**

# Top Priority

Anything more important than your family's future?
Put first things first with common sense life insurance.
Call me today.

ਅਜੀਤ ਸਿੰਘ



**Ajit Sidhu**
Sales Representative
**President's Council**

**AJIT SIDHU**

is a professional all the way. The needs of his clients have always been his major concern. This dedication and service to his policyholders has ranked Ajit among the leading sales representatives of Metropolitan Life. He is also a member of the Life Underwriters Association of Canada.

Mr. Sidhu lives with his wife and family in Surrey, and is associated with the Company's District Sales Office at 550 – 6th Street, in New Westminster, B.C. Sound insurance counselling can be obtained by telephoning him at 524-3601, or at his residence by dialing 584-4516.

Dedication to his many policyholders marks him as a true professional, and we at Metropolitan take great pride in Ajit Sidhu.

Maurice L. Catana

Vice-President

550 6th Street
New Westminster, B.C.
Office: 524-3601
Residence: 584-4516

**METROPOLITAN LIFE**



## BAINS INTERNATIONAL TRAVEL SERVICE LTD.

(MEMBER IATA)

6364 FRASER STREET
VANCOUVER 15, B.C.
TEL: 324-2277

GROUP DEPARTURE TO INDIA EVERY SATURDAY

1710 DOUGLAS STREET
VICTORIA, B.C.
TEL: 386-6363

ENQUIRE FOR OTHER SPECIAL FARES: AFFINITY GROUP, EXCURSIONS, CHARTERS
LONDON, HONG KONG, SINGAPORE, FIJI OR ANY OTHER PART OF THE WORLD.

We are appointed Agents for all major Airlines, such as — BOAC, AIR INDIA, AIR CANADA, AIR FRANCE, SWISSAIR, ALITALIA, PAN AMERICAN, TWA, JAPAN AIRLINES, CP AIR, NORTHWEST ORIENT, KLM LUFTHANSA, QANTAS, SAS — List is Endless!

Being IATA member we can issue your ticket while you wait on any air line.

***Remember . . . One call does it all ! ! !***

ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਰਿਸ਼ਤੇਦਾਰਾਂ ਮਿੱਤਰਾਂ ਦੇ ਮੰਗਵਾਉਣ ਲਈ ਸਾਨੂੰ ਦਰਸ਼ਨ ਦਿਉ! ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਵੇਗੀ। IATA ਦੇ ਮੈਂਬਰ ਹੋਣ ਕਰਕੇ ਅਸੀਂ ਤੁਹਾਨੂੰ ਉਸੇ ਸਮੇਂ ਹੀ ਟਿਕਟਾਂ ਦੇ ਸਕਦੇ ਹਾਂ, ਜਦ ਤੁਸੀਂ ਬੁਕਿੰਗ ਕਰਾਓ। ਸਾਡੇ ਤੀਜੇ ਨਵੇਂ ਦਫ਼ਤਰ ਦਾ ਪਤਾ ਹੈ:-

**North Vancouver**
935 Marine Drive
(Capilano Mall)
Tel: 980-0351

ਵਤਨੋਂ ਦੂਰ

LITERARY & CULTURAL MONTHLY OF PANJABI

THE WATNO DŪR

POST BOX No. 1041, COQUITLAM, B.C., CANADA
V3J 6Z4

JULY 1975 S.NO. 25 SECOND CLASS MAIL REGISTRATION NUMBER: 3233

CONGRATULATIONS AND BEST WISHES TO

# THE WATNO DUR

on completion of 2 years from

872-8478



435-4504

HAKIM S. GILL

# GILL'S FURNITURE & APPLIANCES

4678 MAIN STREET. VANCOUVER